# ਅੰਮ੍ਰਿਤ ਕੀਰਤਨ

# *Amrit Kirtan*



ਨਵੰਬਰ 2008

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

## Gurgaddi Sri Guru Granth Saheb: (Celebrating 300th Anniversary)

Sikhs all over the world are celebrating 300th Anniversary of Gurgaddi Guru Granth Sahib this year.

On October 20, 1708 Guru Gobind Singh gave his final sermon that conferred permanent Gurudom on the Damdama version of the Granth (Damdami Birh) in Nanderh, a town several hundred miles away from Damdama. Since then, the Granth has come to be known as Sri Guru Granth Sahib (the living Guru of Sikhs). Guru Gobind Singh, thus spoke to the congregation shortly before his ascension.

*ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ। ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਯੋਂ ਗ੍ਰੰਥ॥*

“Those who desire to behold the Guru, should obey the Granth Sahib. Its contents are the visible body of the Guru.” It has been preserved in its original format since its last compilation by Guru Gobind Singh at Damdama Saheb.

Sri Guru Granth Sahib is not an ordinary but a Holy Scripture. Within its 1430 pages, the shabads (hymns) of Sri Guru Granth Sahib are arranged in 31 Ragas in the traditional Indian musical scales and measures. Within the Ragas, they are arranged in order by the Sikh Gurus, and then with the shabads of the Hindu and Muslim Saints. The shabads are written in various meters and rhythms, and are organized accordingly. For instance, Ashtapadi - eight steps, or Panch-padi - five steps. Sri Guru Granth Sahib is written in Gurmukhi script, and in many different languages. From the linguistic point of view, Sri Guru Granth Sahib is a treasure of the languages included, like- Persian, Arabic Sanskrit, Prakrit, Bengali, Marathi, Punjabi, Kharhi boli and Dakhni etc.

The Granth starts with a non-raga section -Japji as the first entry. This is followed by thirty-one ragas in the following serial order: Sri Raga, Manjh, Gauri, Asa, Gujri, Devagandhari, Bihagara, Wadahans, Sorath, Dhanasri, Jaitsri, Todi, Bairari, Tilang, Suhi, Bilaval, Gound, Ramkali, Nut Narayan, Mali Gaura, Maru, Tukhari, Kedara, Bhairo, Basant, Sarang, Malar, Kahnra, Kalyan, Parbhati and Jaijawanti, saloks and swayas. The final sections are Mundawani with a Salok and Rag Mala.

About five centuries ago the fifth Sikh Guru Arjun Dev ji started editing Guru Granth Sahib in the beginning of the sixteenth century. He completed it in four years. It was first placed in Sri Harmandir Sahib at Amritsar and Baba Buddha ji was appointed the first Head priest. The Granth includes the verses of the first five Sikh Gurus and the poetry of saints, devotees, dervishes, experienced balladeers. In all, verses of 36 poets were included in Guru Granth Sahib. Later Guru Gobind Singh ji included the hymns of the ninth Guru Tegh Bahadur in the Adi Granth at Damdama saheb.

**Gurcharan singh Jaito**

*gsingh19422003@yahoo.com*

**PAGE SPONSORED BY : AHUJA FAMILY**

C-353, Defence Colony New Delhi 110 024

# ੴ ਅੰਮ੍ਰਿਤ ਕੀਰਤਨ

**ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ**

ਅੰਕ 11 ▫ ਸਾਲ ਵੀਹਵਾਂ ▫ ਨਵੰਬਰ 2008

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80G of Income-Tax Act, 1961 (43 of 1961) vide CIT - I / CHD / TECH / 80G / 2008 - 939 dated 19/05/2008 valid upto 31.03.2012

**ਚੰਦੇ ਦਾ ਵੇਰਵਾ**

▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ.
ਜੀਵਨ ਮੈਂਬਰ 1500 ਰੁ.

▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660, 098140 53630
e-mail: drjagirsingh@gmail.com
Website: www.gurshabad.com

sohal specials Computer Type Setting
Phone: 98788 23351

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**
ਐਸ.ਸੀ.ਐਫ. 112, ਫੇਜ਼-7, ਮੁਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ

## ਇਸ ਅੰਕ ਵਿਚ

**ਕਰਉ ਬੇਨੰਤੀਆ** 4
*ਸੰਪਾਦਕੀ*

**ਸਿਦਕਵਾਨ ਕੀਰਤਨੀਏ ਭਾਈ ਉਤਮ ਸਿੰਘ ਪਤੰਗ** 5
*ਭਾਈ ਕਰਮ ਸਿੰਘ ਰਤਨ*

**ਮਹਾਨ ਗੁਰਮਤਿ ਸੰਗੀਤ ਅਚਾਰੀਆ : ਪ੍ਰੋ: ਤਾਰਾ ਸਿੰਘ** 12
*ਡਾ. ਜਾਗੀਰ ਸਿੰਘ*

**ਕੀ ਤੁਸੀਂ ਸਿਰ ਦਰਦ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ?** 15
*ਜਤਿੰਦਰ ਸਿੰਘ ਪਜਨੀ*

**International Interfaith Conference on Guru Granth Sahib Adopts Hazur Sahib Declaration** 17
*Harbans Lal, PhD*

**Kirtan: The Soulful Melody** 20
*Dr. Satish K. Kapoor*

**Uniting One's Own Self With God** 23
*K.J.S. Ahluwalia*

**Music In HIs Genes** 24
*S. D. Sharma*

**ਸੁਰ ਲਿਪੀ** 25
**ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**
*ਹਰਦੀਪ ਕੌਰ*

# ਗਾਵੀਐ ਸੁਣੀਐ ਮਨ ਰਖੀਐ ਭਾਉ

ਇਸ ਮਹੀਨੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ ਉਤਸਵ ਹੈ। ਹਰ ਸਾਲ ਜਦੋਂ ਵੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾ  ਉਤਸਵ ਆਉਂਦਾ ਹੈ ਤਾਂ ਮੈਂ ਆਪਣੇ ਜੀਵਨ ਦਾ ਲੇਖਾ ਜੋਖਾ ਗੁਰੂ ਨਾਨਕ ਬਾਣੀ ਦੇ ਆਧਾਰ ਤੇ ਕਰਨ ਲੱਗ ਪੈਂਦਾ ਹਾਂ। ਅਸਲ ਵਿੱਚ ਗੁਰੂ ਨਾਨਕ ਦੇਵ ਜੀ ਮੈਨੂੰ ਆਪਣੇ ਆਦਰ ਕ ਗੁਰੂ ਜਾਪਦੇ ਹਨ। ਉਂਜ ਤਾਂ ਸਾਰੇ ਗੁਰੂ ਹੀ ਪੂਜਣ ਸਤਿਕਾਰਨ ਯੋਗ ਹਨ ਪਰ ਗੁਰੂ ਨਾਨਕ ਮੈਨੂੰ ਵਧੇਰੇ ਆਪਣੇ ਆਪਣੇ ਲਗਦੇ ਹਨ।

ਮਨੁੱਖ ਨੂੰ ਨਿਵੇਕਲੇ ਰਾਹਾਂ ਤੇ ਤੁਰਨ ਲਈ ਜੋ ਚੁਣੌਤੀਆਂ ਦਰਪੇ  ਹੁੰਦੀਆਂ ਹਨ ਉਹਨਾਂ ਦਾ ਵਰਣਨ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਜਨਮ ਸਾਖੀਆਂ ਤੋਂ ਭਲੀ ਭਾਂਤ ਲਗਦਾ ਹੈ। ਉਹਨਾਂ ਨੇ ਸਥਾਪਿਤ ਜੀਵਣ ਢੰਗ ਨਾਲ ਜੀਵਨ ਜੀਉਣ ਦੀ ਕੋਿ  ਕਰਦਿਆਂ ਇਸ ਜੀਉਣ ਢੰਗ ਦੀ ਵਿਅਰਥਤਾ ਨੂੰ ਬੜੇ ਸਪ ਟ ਢੰਗ ਨਾਲ ਦਰਸਾਇਆ।

ਭਗਤੀ ਕਰਨ ਦੇ ਮਾਰਗਾਂ ਵਿੱਚ ਵੀ ਉਹਨਾਂ ਨੇ ਕੀਰਤਨ ਨੂੰ ਪਹਿਲ ਦਿੱਤੀ। ਪਰ ਇਹ ਕੀਰਤਨ ਢੰਗ ਵੀ ਸਥਾਪਿਤ ਪੱਧਤੀ ਤੋਂ ਵੱਖਰਾ ਸੀ। ਇਹ ਪੱਧਤੀ  ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦਾ ਅਨੋਖਾ ਸੰਗਮ ਹੈ। ਇਸ ਵਿੱਚ ਪ੍ਰੇਮ ਨੂੰ ਵਿ   ਸਥਾਨ ਪ੍ਰਾਪਤ ਹੈ। ਪ੍ਰੇਮ ਤੋਂ ਬਿਨਾ ਉਹ ਕੀਰਤਨ ਨੂੰ ਵਿਅਰਥ ਦਸਦੇ ਹਨ।

ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਇੱਹ ਗੱਲ ਬੜੇ ਭਾਵਪੂਰਤ ਢੰਗ ਨਾਲ ਸਮਝਾਈ ਗਈ ਹੈ–

*ਤਬ ਏਕ ਦਿਨ ਗੁਰੂ ਬਾਬਾ ਨਾਨਕੁ ਜੀ ਕਰਤਾਰ ਪੁਰਿ ਬੈਠਾ ਹੈ ਆਪਣੇ ਅਸਥਰ ਵਿਖੇ। ਅਰੁ ਏਕੁ ਤੀਨ ਚਾਰਿ ਬੈਸਨਉ ਗਿਆਨੀ ਆਪਸ ਕਉ ਚਤਰੁ ਬੇਤੇ ਜਾਣਿ ਕਰਿ, ਗੁਰੂ ਬਾਬੇ ਕਉ ਆਇ ਮਿਲੇ। ਆਇ ਰਾਮ ਕ੍ਰਿਸਨੁ ਕਰਿ ਬੈਠੇ। ਤਬ ਗੁਰੂ ਬਾਬੇ ਉਨ ਕਉ ਬਹੁਤੁ ਆਦਰੁ ਕੀਆ। ਤਬ ਘੜੀ ਹੇਕ ਦੋਇ ਸਸਤਾਇ ਕਰਿ, ਉਇ ਉਠਿ ਕੀਰਤਨ ਕਰਨੇ ਲਾਗੇ ਰਾਗ ਕਉ ਭਲੀ ਭਾਂਤਿ ਆਲਾਪਿ ਕਰਿ ਅਰੁ ਰੀਝਿ ਰੀਝਿ ਅਖੀ ਮੀਟ ਕਰ ਲਾਗੇ ਗਾਵਣੈ ਅਰੁ ਗਾਵਿ ਗਾਵਿ ਸਾਥੈ ਅਰਥੁ ਲਾਗੇ ਸਮਝਾਵਣੇ, ਆਪ ਕਉ ਚਤੁਰ ਬੇਤੇ ਜਾਣਿ ਕਰਿ। ਤਬ ਗੁਰੂ ਅੰਗਦ, ਗੁਰੂ ਬਾਬੇ ਨਾਨਕ ਜੀ ਪਾਸਿ ਬੇਨਤੀ ਕਰੀ ਜਿ, ਜੀ ਪਾਤਸਾਹ ਏਹੁ ਤਉ ਬਹੁਤੁ ਹੀ ਬਹੁਤੁ ਉਮਗਿ ਉਮਗਿ ਕਰਿ ਰਾਗ ਕਉ ਗਾਵਤੇ ਹੈਂ, ਪਰੁ ਦੇਖਾਂ, ਏਨਾਂ ਕੇ ਮਨ ਕੀ ਬਾਤ ਕਿਉ ਕਰਿ ਹੈ? ਤਬ ਉਨ ਕੇ ਪ੍ਰਥਾਇ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਿਆ, ਆਸਾ ਰਾਗ ਮਹਿ ਜਿ–*

***ਗਾਵਹਿ ਗੀਤੇ ਚੀਤਿ ਅਨੀਤੇ ॥ ਰਾਗ ਸੁਣਾਇ ਕਹਾਵਹਿ ਬੀਤੇ॥***
***ਬਿਨ ਨਾਵੈ ਮਨਿ ਝੂਠੁ ਅਨੀਤੇ॥ ਕਹਾ ਚਲਹੁ ਮਨ ਰਹਹੁ ਘਰੇ॥***
***ਗੁਰਮੁਖ ਰਾਮ ਨਾਮਿ ਤ੍ਰਿਪਤਾਸੇ॥ ਖੋਜਤ ਪਾਵਹੁ ਸਹਜਿ ਹਰੇ॥***

***ਗੁਰ ਪਰਸਾਦੀ ਕਰਮ ਕਮਾਉ॥ ਨਾਮੇ ਰਾਤਾ ਹਰਿ ਗੁਣ ਗਾਉ॥ ( ਆਸਾ ਮਹਲਾ ੧, ਪੰਨਾ ੪੧੪-੧੫)***

ਇਹ ਹੁਣ ਅਸਾਂ ਕੀਰਤਨੀਆਂ ਨੇ ਦੇਖਣਾ ਹੈ ਕਿ ਕੀਰਤਨ ਸਮੇਂ ਸਾਡੇ ਮਨ ਕੀ ਬਾਤ ਕਿਉ ਕਰਿ ਹੈ। ਕੀਰਤਨ ਸਮੇਂ ਅਸੀਂ ਇਹਨਾਂ ਤੁਕਾਂ ਦਾ ਧਿਆਨ ਕਰਦੇ ਹਾਂ–

***ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥***
***ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥***

--------------

***ਭਲੋ ਭਲੋ ਰੇ ਕੀਰਤਨੀਆ॥ ਰਾਮ ਰਮਾ ਰਾਮਾ ਗੁਨ ਗਾਉ॥***
***ਛੋਡਿ ਮਾਇਆ ਕੇ ਧੰਧ ਸੁਆਉ॥ ੧॥ ਰਹਾਉ॥***

ਤੁਹਾਡਾ ਕੀ ਵਿਚਾਰ ਹੈ?

# ਸਿਦਕਵਾਨ ਕੀਰਤਨੀਏ
# ਭਾਈ ਉਤਮ ਸਿੰਘ ਪਤੰਗ

ਭਾਈ ਕਰਮ ਸਿੰਘ ਰਤਨ

ਭਾਈ ਉਤਮ ਸਿੰਘ ਜੀ ਪਤੰਗ,ਮਹਾਨ ਕੀਰਤਨੀਏ ਸਨ, ਕੀਰਤਨ ਵਿਚ ਐਸਾ ਮਗਨ ਹੋ ਜਾਣਾ, ਕਿ ਹੋਰ ਸਭ ਆਸੇ ਪਾਸੇ ਦੀ ਸੁੱਧ ਬੁੱਧ ਖੋ ਜਾਣੀ, ਬੱਸ ਸੁਰ, ਲੈਅ ਅਤੇ ਸ਼ਬਦ ਗੁਰਬਾਣੀ, ਇਹ ਤਿੰਨ ਚੀਜ਼ਾਂ ਦੇ ਸੁਮੇਲ ਨੂੰ ਹੀ ਕੀਰਤਨ ਆਖਦੇ ਹਨ ਅਤੇ ਇਹ ਤਿੰਨੇ ਚੀਜ਼ਾਂ ਜਿਸ ਵੀ ਸਖ਼ਸ਼ ਦੇ ਪਾਸ ਹੋਣ, ਓਹੋ ਹੀ ਸਭ ਤੋਂ ਵਧੀਆ ਕੀਰਤਨਆ ਹੁੰਦਾ ਹੈ, ਅਤੇ ਇਹ ਸਭ ਗੁਣ ਭਾਈ ਉਤਮ ਸਿੰਘ ਪਤੰਗ ਜੀ ਵਿਚ ਸਨ। ਕੀਰਤਨ ਵਿਚ ਮਗਨ ਹੋ ਜਾਣਾ ਅਤੇ ਕੀਰਤਨ ਦਾ ਰੂਪ ਹੋ ਜਾਣਾ, ਇਹ ਗੁਣ ਹਰ ਕੀਰਤਨੀਏ ਵਿਚ ਘੱਟ ਹੀ ਆਉਂਦੇ ਹਨ। ਮੈਂ ਬੜੇ ਬੜੇ ਰਾਗੀ ਦੇਖੇ ਹਨ, ਜੋ ਸਿਰਫ ਤੇ ਸਿਰਫ ਮਾਇਆ ਲਈ ਹੀ ਕੀਰਤਨ ਕਰਦੇ ਹਨ, ਗੁਰੂ ਵਾਸਤੇ ਘੱਟ ਹੀ ਕਰਦੇ ਹਨ। ਸਿਰਫ ਤੇ ਸਿਰਫ ਗੁਰੂ ਵਾਸਤੇ ਹੀ ,ਤੇ ਸਿਰਫ ਕੀਰਤਨ ਵਾਸਤੇ ਹੀ ਕੀਰਤਨ ਕਰਨਾ, ਐਸੇ ਸੱਜਣ ਸੰਸਾਰ ਵਿਚ ਉਂਗਲਾਂ ਤੇ ਗਿਣੇ ਜਾਣ ਵਾਲੇ ਹੀ ਹਨ। ਇਥੇ ਇਕ ਘਟਨਾ ਮੈਂ ਪੇਸ਼ ਕਰਨੀ ਚਾਹਵਾਂ ਗਾ, ਜੋ ਕਿ ਬਿਲਕੁਲ ਸੱਚੀ ਹੈ।

"ਅਜ ਕਲ ਉਤਰ ਪ੍ਰਦੇਸ਼ ਵਿਚੋਂ ਕਈ ਭਈਏ ਸਿੱਖ ਸੱਜ ਕੇ ਕੀਰਤਨ ਲਾਈਨ ਵਿਚ ਆ ਰਹੇ ਹਨ, ਸੋ ਇੱਕ ਲੜਕੇ ਦੇ ਪਿਤਾ ਨੇ, ਆਪਣੇ ਲੜਕੇ ਨੂੰ ਕੀਰਤਨੀਆਂ ਬਨਾਣ ਲਈ, ਇਕ ਉਸਤਾਦ ਕੋਲ ਵਿਦਿਆਲੇ ਵਿਚ ਲੈ ਗਏ, ਕਿ ਇਸ ਲੜਕੇ ਨੂੰ ਕੀਰਤਨ ਸਿਖ਼ਾ ਦਿਓ, ਤਾਂ ਉਸਤਾਦ ਨੇ ਕਿਹਾ ਕਿ ਲੈਅ ਦਾ ਗਿਆਨ ਕਰਾਣ ਲਈ ਪਹਿਲੇ ਤਬਲਾ ਸਿੱਖਣਾ ਸੁਰੂ ਕਰੋ, ਤਾਂ ਲੜਕਾ ਕਹਿਣ ਲਗਾ ਕਿ ਬਾਪੂ, ਮੈਂ ਤੋ ਬਾਜਾ ਸੀਖੂੰਗਾ,ਮੈਂ ਨਾ ਤਬਲਾ ਸੀਖੂੰਗਾ। ਬਾਪੂ ਨੇ ਪੁੱਛਿਆ ਕਿ ਤਬਲਾ ਕਿਓਂ ਨਾ ਸੀਖੈ ਗਾ, ਤਾਂ ਲੜਕਾ ਕਹਿਣ ਲਗਾ, ਕਿਊਂ ਕੈ ਨੋਟ ਤੋ ਬਾਜੈ ਪੈ ਆਵੈਂ, ਤਬਲੇ ਪੈ ਨੋਟ ਨਾ ਆਵੈਂ,ਇਸ ਲੀਏ ਮੈਂ ਤੋ ਬਾਜਾ ਹੀ ਸੀਖੂੰਗਾ, ਤਬਲਾ ਨਾ ਸੀਖੂੰਗਾ" ਸੋ ਜਿਹਨਾਂ ਦਾ ਪਹਿਲਾਂ ਹੀ ਧਿਆਨ ਮਾਇਆ ਵੱਲ, ਨੋਟਾਂ ਵੱਲ ਹੋਵੇ, ਓਹ ਕੀਰਤਨ ਸੁਆਹ ਕਰਨਗੇ ? ਕੀਰਤਨ ਵਿਚੋਂ ਸੁਆਦ ਅਨੰਦ ਓਹੀ ਲੈ ਸਕਦੇ ਨੇ,ਜੋ ਨਿਸ਼ਕਾਮ ਹੋ ਕੇ ਕੀਰਤਨ ਕਰੇ, ਇਹ ਗੁਣ ਭਾਈ ਉਤਮ ਸਿੰਘ ਪਤੰਗ ਵਿਚ ਸਨ,ਜੋ ਬਿਨਾਂ ਮਾਇਆ ਤੇ ਧਿਆਨ ਦਿਤਿਆਂ ਕੀਰਤਨ ਸਿਰਫ,ਕੀਰਤਨ ਵਾਸਤੇ, ਗੁਰੂ ਵਾਸਤੇ ਕਰਦੇ ਸਨ।

ਭਾਈ ਉਤਮ ਸਿੰਘ ਪਤੰਗ ਜੀ ਦੇ ਦਰਸ਼ਨ, ਦਾਸ ਨੇ ਪਹਿਲੀ ਵਾਰ ਸੰਨ 1956 ਵਿਚ ਅੰਬਾਲਾ ਸ਼ਹਿਰ ਗੁਰਦੁਆਰਾ ਮੰਜੀ ਸਾਹਿਬ ਵਿਖੇ ਕੀਤੇ ਸਨ, ਜਦੋਂ ਆਪ ਜੀ ਭਾਈ ਮਾਨ ਸਿੰਘ ਪੰਛੀ ਨਾਲ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ਸਹਾਇਕ ਰਾਗੀ ਸਨ। ਦਾਸ ਓਹਨੀ ਦਿਨੀਂ ਗੁਰਦੁਆਰਾ ਗੋਬਿੰਦ ਪੁਰਾ ਅੰਬਾਲਾ ਸ਼ਹਿਰ ਵਿਖੇ, ਆਪਣੇ ਪਿਤਾ ਜੀ ਗਿਆਨੀ ਈਸ਼ਰ ਸਿੰਘ ਮਸਕੀਨ ਜੀ ਨਾਲ ਤਬਲੇ ਤੇ ਡੀਊਟੀ ਕਰਦਾ ਹੁੰਦਾ ਸੀ,ਇਕ ਦਿਨ ਦਾਸ ਗੁਰਦੁਆਰਾ ਮੰਜੀ ਸਾਹਿਬ ਅੰਬਾਲੇ ਕੁਦਰਤੀ ਦਰਸ਼ਨ ਕਰਨ ਚਲਾ ਗਿਆ, ਤੇ ਅਗੇ ਭਾਈ ਮਾਨ ਸਿੰਘ ਪੰਛੀ ਜੀ ਕੀਰਤਨ ਕਰ ਰਹੇ ਸਨ,ਅਤੇ ਉਹਨਾਂ ਦੇ ਨਾਲ ਭਾਈ ਓਤਮ ਸਿੰਘ ਪਤੰਗ ਜੀ ਵਾਜੇ ਤੇ ਸਹਾਇਕ ਰਾਗੀ ਦੇ ਤੌਰ ਤੇ ਸਾਥ ਦੇ ਰਹੇ ਸਨ,ਅਤੇ ਤਬਲੇ ਤੇ ਮਾਸਟਰ ਦੀਵਾਨ ਸਿੰਘ ਸਾਥ ਦੇ ਰਹੇ ਸਨ, ਜੋ ਕਿ ਪਿੰਡ ਸਲੇਮ ਪੁਰ ਸ਼ੇਖਾਂ ਜ਼ਿਲਾ ਪਟਿਆਲਾ ਦੇ ਰਹਿਣ ਵਾਲੇ ਸਨ। ਅਤੇ ਉਸ ਦਿਨ ਇਹ ਜਥਾ ਸ਼ਬਦ ਪੜ੍ਹ ਰਿਹਾ ਸੀ (ਜਾ ਤੂੰ ਮੇਰੈ ਵਲਿ ਹੈਂ ਤਾਂ ਕਿਆ ਮੁਹਛੰਦਾ) ਕਿਉਂਕਿ ਰਾਗ ਭੈਰਵੀ ਵਿਚ ਇਹ ਸ਼ਬਦ ਪੜ੍ਹ ਰਹੇ ਸਨ,ਭਾਵੇਂ ਓਦੋਂ ਮੈਨੂੰ ਰਾਗ ਦੀ ਪੂਰੀ ਸਮਝ ਨਹੀਂ ਸੀ,ਪਰ ਜਿਸ ਅੰਦਾਜ਼ ਨਾਲ ਇਹ ਸ਼ਬਦ ਪੜ੍ਹ ਰਹੇ ਸਨ, ਬਹੁਤ ਹੀ ਅਨੰਦ ਆਇਆ ਸੀ, ਜਵਾਨ ਸਰੀਰ ਸਨ ਤੇ ਜਵਾਨ ਆਵਾਜਾਂ ਸਨ,ਰੰਗ ਬੰਨ ਦਿਤਾ ਸੀ।

ਭਾਈ ਉਤਮ ਸਿੰਘ ਪਤੰਗ ਜੀ ਦਾ ਜਨਮ 10 ਜੁਲਾਈ ਸੰਨ 1928 ਨੂੰ ਪਿੰਡ ਗੋਬਿੰਦ ਪੁਰਾ,ਚੱਕ ਨੰਬਰ 26, ਤਹਿਸੀਲ ਫਾਲੀਆ ਜ਼ਿਲਾ ਗੁਜਰਾਤ,ਪਾਕਿਸਤਾਨ ਵਿਚ ਸ:ਗੁਰਮੁਖ ਸਿੰਘ ਪਿਤਾ ਦੇ ਘਰ, ਮਾਤਾ ਠਾਕੁਰ ਕੌਰ ਦੀ ਕੁਖੋਂ

ਹੋਇਆ। ਆਪ ਜੀ ਦੇ ਪਿਤਾ ਬਾਬਾ ਗੁਰਮੁਖ ਸਿੰਘ ਜੀ ਇਸ ਇਲਾਕੇ ਦੀ ਉਘੀ ਸਖਸ਼ੀਅਤ ਅਤੇ ਸਿੰਘ ਸਭਾ ਦੇ ਸਰਗਰਮ ਵਰਕਰ ਸਨ। ਬਸ ਕੀਰਤਨ ਅਤੇ ਸੇਵਾ ਇਹਨਾਂ ਦਾ ਜੀਵਨ ਆਧਾਰ ਸੀ,ਅਤੇ ਗੋਬਿੰਦ ਪੁਰਾ ਪਿੰਡ ਵੀ ਭਾਈ ਸਾਹਿਬ ਜੀ ਦੇ ਵੱਡੇ ਪੁਰਖਿਆਂ ਨੇ ਵਸਾਇਆ ਸੀ, ਜੋ ਕਿ ਸਿੱਖੀ ਆਦਰਸ਼ ਦਾ ਪਿੰਡ,ਮਾਡਲ ਪਿੰਡ ਸੀ ।

ਭਾਈ ਸਾਹਿਬ ਦੇ ਵਡੇਰੇ ਬਜ਼ੁਰਗ ਰਾਜਸਥਾਨ ਤੋਂ ਆ ਕੇ ਮਾਹਾਰਾਜਾ ਰਣਜੀਤ ਸਿੰਘ ਜੀ ਦੀ ਫੌਜ ਵਿਚ ਭਰਤੀ ਹੋ ਗਏ ਸਨ। ਬਾਅਦ ਵਿਚ ਉਹਨਾਂ ਨੂੰ ਦਰਿਆ ਚਨਾਬ ਦੇ ਕੰਢੇ ਜ਼ਿਲਾ ਗੁਜਰਾਤ ਵਿਚ ਜ਼ਮੀਨ ਆਲਾਟ ਹੋ ਗਈ,ਅਤੇ ਓਹ ਜ਼ਿਮੀਦਾਰੀ ਕਰਨ ਲਗ ਪਏ, ਸਿਖੀ ਦੇ ਪ੍ਰਚਾਰ ਵਜੋਂ ਉਹਨਾਂ ਦੇ ਵਡੇਰੇ ਬਾਬਾ ਰਾਮ ਸਿੰਘ ਨੇ ਅਧਿਆਤਮ ਅਤੇ ਸੰਗੀਤ ਦਾ ਮਾਰਗ ਚੁਣ ਲਿਆ। ਸੋ ਬਾਅਦ ਵਿਚ ਇਹ ਘਰਾਣਾ ਗੁਰੂ ਕੀਰਤਨ ਨੂੰ ਸਮਰਪਤ ਹੋ ਗਿਆ।

ਆਪ ਜੀ ਦੇ ਪਿਤਾ ਜੀ ਵੀ ਕੀਰਤਨੀਏ ਸਨ,ਸੋ ਇਸ ਲਈ ਕੀਰਤਨ ਦੀ ਸਭ ਤੋਂ ਪਹਿਲੀ ਤਾਲੀਮ ਸਿਖਿਆ ਆਪ ਜੀ ਦੇ ਪਿਤਾ ਭਾਈ ਗੁਰਮੁਖ ਸਿੰਘ ਜੀ ਨੇ ਆਪ ਜੀ ਨੂੰ ਦਿਤੀ। ਇਸ ਤੋਂ ਇਲਾਵਾ ਆਪ ਜੀ ਦੇ ਪਿਤਾ ਨੇ, ਸੰਤ ਨਿਸਚਲ ਸਿੰਘ ਸੰਗੀਤ ਵਿਦਿਆਲਾ ਮੰਡੀ ਬਹਾਵਲ ਦੀਨ, ਭਾਈ ਭੋਲਾ ਸਿੰਘ ਰਾਗੀ, ਗੋਬਿੰਦ ਪੁਰੀ ਪਾਸੋਂ ਦਿਵਾਈ ਅਤੇ ਉਸ ਤੋਂ ਬਾਦ ਉਸਤਾਦ ਬੰਨੇ ਖਾਂ ਦੇ ਭਰਾ ਅਤੇ ਉਸਤਾਦ ਅਲੀ ਬਕਸ਼ ਦੇ ਸ਼ਿਸ ਪਿਆਰੇ ਖਾਂ (ਗੁਜਰਾਤ) ਤੋਂ ਸੰਗੀਤ ਦੀ ਵਿਦਿਆ ਦਿਵਾਈ।

ਜਦੋ ਦੇਸ਼ ਦੀ ਵੰਡ ਹੋਈ ਤਾਂ ਲੋਕ ਤਾਂ ਗਹਿਣੇ ਗੱਟੇ ਤੇ ਮਾਇਆ ਤੇ ਹੋਰ ਕੀਮਤੀ ਸਾਮਾਨ ਚੁੱਕ ਕੇ ਆ ਰਹੇ ਸਨ, ਪਰ ਪਤੰਗ ਜੀ ਨੇ ਕੇਵਲ ਆਪਣਾ ਵਾਜਾ, ਹਰਮੋਨੀਅਮ, ਸੰਭਾਲਿਆ ਤੇ ਗਲ ਵਿਚ ਪਾਈ ਵੈਰਾਗ ਭਰਿਆ ਕੀਰਤਨ ਕਰਦੇ ਪੜਾਅ ਦਰ ਪੜਾਅ ਸਫਰ ਕਰਦੇ ਹਿੰਦੁਸਤਾਨ ਆ ਗਏ, ਆਪ ਜੀ ਦੇ ਵਡੇ ਭਾਈ ਗਿਆਨੀ ਤਖ਼ਤ ਸਿੰਘ ਜੀ ਅਤੇ ਆਪ ਦੇ ਪਿੰਡ ਗੋਬਿੰਦ ਪੁਰੇ ਦੇ ਹੋਰ ਲੋਕ ਸਾਰੇ ਹੀ ਪਿੰਡ ਬਪਰੌਰ ਤਹਿਸੀਲ ਰਾਜਪੁਰਾ ਜ਼ਿਲਾ ਪਟਿਆਲਾ ਵਿਚ ਆ ਕੇ ਵਸ ਗਏ ਅਤੇ ਆਪ ਜੀ ਵੀ ਪਿੰਡ ਬਪਰੌਰ ਵਿਚ ਹੀ ਆ ਕੇ ਵਸ ਗਏ ਸਨ । ਪਿੰਡ ਗੋਬਿੰਦ ਪੁਰਾ ਦੇ ਹੋਰ ਵੀ ਰਾਗੀ ਸਨ, ਜਿਨਾਂ ਵਿਚ ਭਾਈ ਮਾਨ ਸਿੰਘ ਪੰਛੀ, ਭਾਈ ਧਿਆਨ ਸਿੰਘ, ਭਾਈ ਕਰਤਾਰ ਸਿੰਘ ਇਹ ਵੀ ਸਾਰੇ ਹੀ ਪਿੰਡ ਬਪਰੌਰ ਵਿਚ ਹੀ ਆ ਕੇ ਵੱਸ ਗਏ ਸਨ।

ਆਪ ਜੀ ਜਦੋਂ ਗੋਬਿੰਦ ਪੁਰੇ ਹੀ ਸਨ,ਤਾਂ ਇਹਨਾਂ ਦੇ ਮਨ ਵਿਚ ਐਕਟਰ ਬਣਨ ਦੀ ਇੱਛਾ ਜਾਗੀ,ਤਾਂ ਇਨਾਂ ਨੇ ਇਕ ਫਿਲਮ ਕੰਪਨੀ ਨੂੰ ਦਰਖਾਸਤ ਦੇ ਦਿਤੀ, ਤਾਂ ਕੰਪਨੀ ਨੇ ਟੈਸਟ ਲਈ ਸੱਦ ਲਿਆ,ਤੇ ਆਪ ਜੀ ਦਾ ਟੈਸਟ ਲੈਣ ਵਾਲਿਆਂ ਵਿਚ ਪ੍ਰਸਿਧ ਗਾਇਕ ਕੇ,ਐਲ, ਸਹਿਗਲ ਵੀ ਸਨ,ਤੇ ਆਪ ਟੈਸਟ ਵਿਚ ਪਾਸ ਹੋ ਗਏ ਤੇ ਆਪ ਜੀ ਨੂੰ ਚੁਣ ਲਿਆ ਗਿਆ। ਪਰ ਜਦੋਂ ਪਤਾ ਲਗਾ ਕਿ ਫਿਲਮ ਲਾਈਨ ਵਿਚ ਕੇਸ ਕਤਲ ਕਰਵਾਣੇ ਪੈਣੇ ਹਨ ਤਾਂ ਆਪ ਨੇ ਫਿਲਮ ਲਾਈਨ ਦਾ ਤਿਆਗ ਕਰ ਦਿਤਾ ਕਿਉਂਕਿ ਗੁਰੂ ਦੀ ਸਿੱਖੀ ਨਾਲ ਬਹੁਤ ਮੋਹ ਸੀ,ਪਿਆਰ ਸੀ। ਇਹ ਗਲ ਦਾਸ ਨੂੰ ਆਪ ਜੀ ਨੇ ਖ਼ੁੱਦ ਸੁਣਾਈ ਸੀ।

ਆਪ ਜੀ ਦੇ ਵੱਡੇ ਭਰਾ ਗਿਆਨੀ ਤਖ਼ਤ ਸਿੰਘ ਜੀ ਵੀ ਪਿੰਡ ਬਪਰੌਰ ਦੀ ਨਾਮੀ ਗਿਰਾਮੀ ਹਸਤੀ ਸਨ। ਗਿਆਨੀ ਤਖ਼ਤ ਸਿੰਘ ਜੀ ਦਾ ਮਸ਼ਹੂਰ ਢਾਡੀ ਜਥਾ ਹੁੰਦਾ ਸੀ, ਭਾਈ ਉਤਮ ਸਿੰਘ ਜੀ ਵੀ ਉਸ ਜਥੇ ਵਿਚ ਸ਼ਾਮਿਲ ਹੁੰਦੇ ਸਨ, ਇਨ੍ਹਾਂ ਦੇ ਨਾਲ ਇਕ ਬਾਗ ਸਿੰਘ ਹੁੰਦੇ ਸਨ, ਓਹ ਵੀ ਇਸ ਜਥੇ ਵਿਚ ਸ਼ਾਮਿਲ ਸਨ, ਇਸ ਜਥੇ ਦਾ ਕੀਰਤਨ ਦਾਸ ਨੇ ਬਚਪਨ ਵਿਚ ਕਈ ਵਾਰ ਪਿੰਡਾਂ ਵਿਚ ਸੁਣਿਆ ਸੀ। ਬਾਅਦ ਵਿਚ ਗਿਆਨੀ ਤਖ਼ਤ ਸਿੰਘ ਜੀ ਨੇ ਢਾਡੀ ਜਥੇ ਦੀ ਜਥੇਦਾਰੀ ਛੱਡ ਦਿਤੀ ਸੀ, ਅਤੇ ਉਹਨਾਂ ਦੀ ਥਾਂ ਤੇ ਭਾਈ ਉਤਮ ਸਿੰਘ ਜੀ ਢਾਡੀ ਜਥੇ ਦੀ ਜਥੇਦਾਰੀ ਕਰਨ ਲਗ ਪਏ, ਤੇ ਭਾਈ ਤਖ਼ਤ ਸਿੰਘ ਜੀ,ਅੰਬਾਲਾ ਸ਼ਹਿਰ ਵਿਖੇ, ਗੁਰਦਆਰਾ ਪ੍ਰਬੰਧਕ ਕਮੇਟੀ ਮੰਲੀ ਸਾਹਿਬ ਦੇ ਮੈਨੇਜਰ ਲਗ ਗਏ ਸਨ। ਸ: ਤਖ਼ਤ ਸਿੰਘ ਦੀ ਮੈਨੇਜਰੀ ਵਿਚ ਹੀ,ਭਾਈ ਮਾਨ ਸਿੰਘ ਪੰਛੀ, ਤੇ ਭਾਈ ਧਿਆਨ ਸਿੰਘ ਅਤੇ ਖ਼ੁਦ ਪਤੰਗ ਸਾਹਿਬ ਗੁਰਦੁਆਰਾ ਮੰਜੀ ਸਾਹਿਬ ਦੀ ਕੀਰਤਨ ਦੀ ਸੇਵਾ ਨਿਭਾਂਦੇ ਰਹੇ।

ਭਾਈ ਮਾਨ ਸਿੰਘ ਪੰਛੀ ਜੀ ਨਾਲ ਸਹਾਇਕ ਰਾਗੀ ਦੇ ਤੌਰ ਤੇ ਭਾਈ ਧਿਆਨ ਸਿੰਘ ਜੀ ਸਨ, ਬਾਅਦ ਵਿਚ ਭਾਈ ਧਿਆਨ ਸਿੰਘ ਜੀ, ਪੰਛੀ ਜੀ ਨਾਲੋਂ ਛੱਡ ਕੇ ਭਾਈ ਪਿਆਰਾ ਸਿੰਘ ਜੀ ਨਾਲ ਪਟਿਆਲੇ, ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਲਗ ਗਏ,ਅਤੇ ਉਹਨਾਂ ਦੀ ਥਾਂ ਤੇ ਪੰਛੀ ਜੀ

ਨੇ ਭਾਈ ਉਤਮ ਸਿੰਘ ਪਤੰਗ ਜੀ ਨਾਲ ਰੱਖ ਲਿਆ, ਇਹਨਾਂ ਦਿਨਾਂ ਵਿਚ ਪੰਛੀ ਜੀ ਨਾਲ ਸੇਵਾ ਕਰਦੇ ਰਹੇ, ਬਾਅਦ ਵਿਚ ਪੰਛੀ ਜੀ , ਗੁਰਦੁਆਰਾ ਮੰਜੀ ਸਃ ਅੰਬਾਲਾ ਤੋਂ ਨੌਕਰੀ ਛੱਡ ਕੇ ਤੇ ਕਾਨਪੁਰ ਸਿੰਘ ਸਭਾ ਜਾ ਕੇ ਲਗ ਗਏ, ਅਤੇ ਭਾਈ ਉਤਮ ਸਿੰਘ ਪਤੰਗ ਜੀ ਪੰਛੀ ਜੀ ਦੀ ਥਾਂ ਤੇ ਹੈਡ ਰਾਗੀ ਲਗ ਗਏ, ਸੋ ਕੁਝ ਸਮਾਂ ਇਹ,ਇਥੇ ਸੇਵਾ ਕਰਦੇ ਰਹੇ,ਫਿਰ ਇਥੋਂ ਛੱਡ ਕੇ ਪਤੰਗ ਸਾਹਿਬ ਜੀ ਕੁਝ ਸਮਾਂ ਪੰਜਾਬ ਤੋਂ ਬਾਹਰ ਘੁੰਮਦੇ ਰਹੇ ਅਤੇ ਕੀਰਤਨ ਦੀ ਸੇਵਾ ਕਰਦੇ ਰਹੇ, ਰਾਮਪੁ,ਬਿਲਾਸਪੁਰ, ਬਰੇਲੀ, ਗੰਗਾਨਗਰ, ਸ੍ਰੀ ਨਗਰ, ਵਿਸ਼ਾਖਾ – ਪਟਨਮ ਵਗੈਰਾ, ਸੋ ਉਸ ਤੋਂ ਬਾਅਦ ਫਿਰ ਪੰਜਾਬ ਆ ਗਏ ਅਤੇ ਸੰਨ 1965 ਵਿਚ ਆਪਜੀ ਦੁਆਰਾ ਗੁਰਦੁਆਰਾ ਮੰਜੀ ਸਾਹਿਬ, ਅੰਬਾਲਾ ਸ਼ਹਿਰ ਵਿਖੇ ਡਿਊਟੀ ਕਰ ਲਈ, ਇਸ ਵਿਚਲੇ ਸਮੇਂ ਵਿਚ ਦਾਸ ਵੀ ਕੁਝ ਸਮਾਂ ਭਾਃ ਮਾਨ ਸਿੰਘ ਪੰਛੀ ਨਾਲ ਕਾਨਪੁਰ ਰਿਹਾ ਅਤੇ ਕੁਝ ਸਮਾਂ ਟੂਰ ਕੀਤਾ। ਦਾਸ ਆਪਣੀ ਸ਼ਾਦੀ ਤੋਂ ਬਾਅਦ ਫਿਰ ਗੁਰਦੁਆਰਾ ਸੀਸ ਗੰਜ ਸਾਹਿਬ ਅੰਬਾਲਾ ਸ਼ਹਿਰ ਵਿਚ 1969 ਮਾਰਚ ਵਿਚ ਹੈਡ ਗ੍ਰੰਥੀ ਦੀ ਡਿਊਟੀ ਲੈ ਲਈ। ਸੋ ਭਾਃ ਉੱਤਮ ਸਿੰਘ ਜੀ ਪਤੰਗ ਗੁਃ ਮੰਜੀ ਸਾਹਿਬ ਅਤੇ ਮੈਂ ਗੁਰਦੁਆਰਾ ਸੀਸ ਗੰਜ ਸਾਹਿਬ ਸੀ। ਸੋ ਆਪ ਜੀ ਨਾਲ ਮੇਲ ਜੋਲ ਹੁੰਦਾ ਹੀ ਰਹਿੰਦਾ ਸੀ।

ਇਕ ਦਿਨ ਆਪ ਜੀ ਨੇ ਗੁਃ ਮੰਜੀ ਸਾਹਿਬ ਵਿਖੇ ਮੈਨੂੰ ਆਪਣੇ ਕਮਰੇ ਵਿਚ ਬੁਲਾਇਆ ਅਤੇ ਮੈਨੂੰ ਪੁੱਛਣ ਲੱਗੇ ਕਿ ਕੀ ਤੁਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਨੌਕਰੀ ਕਰਨੀ ਚਾਹੁੰਦੇ ਹੋ ? ਤਾਂ ਮੈਂ ਸੋਚੀ ਪੈ ਗਿਆ, ਕਿਉਂਕਿ ਮੈਂ ਪਹਿਲਾਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਕਰ ਚੁੱਕਾ ਸਾਂ ਤੇ ਛੱਡ ਕੇ ਕਾਨਪੁਰ ਚਲਾ ਗਿਆ ਸੀ। ਸੋ ਮੈਨੂੰ ਸੋਚਦਿਆਂ ਵੇਖਦੇ ਪਤੰਗ ਜੀ ਕਹਿਣ ਲੱਗੇ ਕਿ ਠੀਕ ਹੈ ਤੂੰ ਸੋਚ ਲੈ ਦੋ ਦਿਨ ਤੈਨੂੰ ਦਿੰਦੇ ਹਾਂ। ਦੋ ਦਿਨਾਂ ਬਾਅਦ ਦੱਸ ਦੇਵੀਂ। ਮੈਂ ਕਿਹਾ ਠੀਕ ਹੈ ਜੀ। ਸੋ ਮੈਂ ਆਪਣੇ ਪਰਿਵਾਰ ਨਾਲ ਸਲਾਹ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਮਿਲਦੀ ਹੈ ਹੈ ਤੁਸੀਂ ਦੱਸੋ। ਤੁਹਾਡੀ ਕੀ ਸਲਾਹ ਹੈ। ਮੈਂ ਡਿਊਟੀ ਕਰ ਲਵਾਂ ? ਤਾਂ ਘਰ ਦਿਆਂ ਨੇ ਹਾਮੀ ਭਰ ਦਿੱਤੀ ਤੇ ਮੈਂ ਦੋ ਦਿਨਾਂ ਬਾਅਦ ਪਤੰਗ ਜੀ ਨੂੰ ਦੱਸ ਦਿੱਤਾ ਕਿ ਠੀਕ ਹੈ ਮੈਂ ਤਿਆਰ ਹਾਂ ਡਿਊਟੀ ਕਰ ਲਵਾਂਗਾ। ਪਰ ਇਥੇ ਗੱਲ ਕਰਨ ਵਿਚ ਥੋੜਾ ਜਿਹਾ ਭੁਲੇਖਾ ਰਹਿ ਗਿਆ। ਮੇਰੇ ਤੇ ਪਤੰਗ ਜੀ ਵਿਚ, ਉਹ ਇਹ ਕਿ ਮੈਂ ਸਮਝਿਆ ਪਤੰਗ ਸਾਹਿਬ ਮੈਨੂੰ ਆਪਣੇ ਨਾਲ ਸਹਾਇਕ ਰਾਗੀ ਲਵਾਉਣਗੇ। ਕਿਉਂਕਿ ਮੈਂ ਇਥੇ ਗੁਃ ਸੀਸ ਗੰਜ ਸਾਹਿਬ ਹੈਡ ਰਾਗੀ ਸੀ ਪਰ ਪਤੰਗ ਸਾਹਿਬ ਜੀ ਮੇਰੇ ਤਬਲੇ ਦੀ ਡਿਊਟੀ ਲਈ ਲਿਖਵਾ ਆਏ ਅਤੇ ਭਾਈ ਅਮੀਰ ਸਿੰਘ ਪਿੰਡ ਮਦਨ ਚਲਹੇੜੀ ਵਾਲੇ ਦਾ ਨਾਮ ਸਹਾਇਕ ਰਾਗੀ ਲਈ ਲਿਖਵਾ ਆਏ। ਅਸਲ ਵਿਚ ਪਤੰਗ ਜੀ ਨੇ ਮੇਰੇ ਨਾਲ ਗੱਲ ਨਹੀਂ ਖੋਲ੍ਹੀ ਤੇ ਨਾ ਹੀ ਮੈਂ ਖੋਲੀ। ਮੈਂ ਭੁਲੇਖੇ ਵਿਚ ਰਿਹਾ। ਸੋ ਜਦੋਂ ਅੰਮ੍ਰਿਤਸਰ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਆਰਡਰ ਆ ਗਿਆ ਤਾਂ ਫਿਰ ਮੈਨੂੰ ਦਸਿਆ ਕਿ ਆਪਣੀ ਡਿਊਟੀ ਫਤਹਿਗੜ੍ਹ ਸਾਹਿਬ ਲੱਗ ਗਈ ਹੈ, ਤੇ ਤੁਹਾਡੀ ਡਿਊਟੀ ਤਬਲਾ ਵਜਾਉਣ ਤੇ ਲੱਗੀ ਹੈ।

ਮੈਂ ਇਹ ਖਬਰ ਸੁਣ ਕੇ ਖੁਸ਼ ਵੀ ਹੋਇਆ ਤੇ ਨਿਰਾਸ਼ ਵੀ। ਖੁਸ਼ ਇਸ ਲਈ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਮਿਲ ਗਈ ਤੇ ਨਿਰਾਸ਼ ਇਸ ਲਈ ਹੋਇਆ ਕਿ ਹੈਡ ਰਾਗੀ ਤੋਂ ਮੈਂ ਤਬਲੇ ਤੇ ਆ ਗਿਆ। ਮੇਰੇ ਉਤੇ ਬਾਣੀ ਦੀ ਇਹ ਤੁਕ ਪੂਰੀ ਤਰ੍ਹਾਂ ਢੁਕ ਗਈ (ਭੇਖਾਰੀ ਤੇ ਰਾਜ ਕਰਾਵੈ ਰਾਜਾ ਤੇ ਭੇਖਾਰੀ) ਅਰਥਾਤ ਆਮ ਨੌਕਰੀ ਦੀ ਬਜਾਏ ਸ਼੍ਰੋਮਣੀ ਕਮੇਟੀ ਦੀ ਨੌਕਰੀ ਮਿਲੀ ਗਈ, ਭੇਖਾਰੀ ਤੋਂ ਰਾਜਾ ਬਣਾ ਗਿਆ ਪਰ ਹੈਡ ਗ੍ਰੰਥੀ ਤੋਂ ਦੋ ਦਰਜੇ ਥੱਲੇ ਚਲਾ ਗਿਆ, ਤਬਲੇ ਤੇ ਆ ਗਿਆ। ਰਾਜਾ ਤੋਂ ਭਿਖਾਰੀ ਹੋ ਗਿਆ। ਪਰ ਹੁਣ ਆਰਡਰ ਆ ਚੁੱਕਾ ਸੀ। ਇਸ ਲਈ ਮਜ਼ਬੂਰਨ ਡਿਊਟੀ ਕਰਨੀ ਪਈ। ਸੋ ਮਈ 1965 ਵਿਚ ਅਸੀਂ ਪਤੰਗ ਸਾਹਿਬ ਨਾਲ ਤਬਲੇ ਦੀ ਸੇਵਾ ਸ਼ੁਰੂ ਕਰ ਦਿੱਤੀ। ਰਿਹਾਇਸ਼ ਪਹਿਲਾਂ ਤਾਂ ਅਸੀਂ ਪਤੰਗ ਸਾਹਿਬ ਜੀ ਦੇ ਨਾਲ ਹੀ ਸਰਹਿੰਦ ਪੁਰਾਣੇ ਸ਼ਹਿਰ ਵਿਚ ਇਕ ਮਕਾਨ ਕਿਰਾਏ ਤੇ ਲੈ ਕੇ ਇਕੱਠੇ ਹੀ ਰਹਿੰਦੇ ਰਹੇ ਸਾਂ। ਕਿਉਂਕਿ ਫਤਹਿਗੜ੍ਹ ਸਾਹਿਬ ਵਿਚ ਕੋਈ ਕਮਰਾ ਖਾਲੀ ਨਹੀਂ ਸੀ। ਸੋ ਅਸੀਂ ਸਾਰਾ ਜਥਾ ਹੀ ਭਾਈ ਉੱਤਮ ਸਿੰਘ ਪਤੰਗ ਜੀ ਪਰਿਵਾਰ ਸਮੇਤ ਅਤੇ ਭਾਈ ਅਮੀਰ ਸਿੰਘ ਸਹਾਇਕ ਰਾਗੀ ਪਰਿਵਾਰ ਸਮੇਤ ਅਤੇ ਦਾਸ ਆਪਣੇ ਪਤਨੀ ਸਮੇਤ ਸਾਰੇ ਇਕੋ ਹੀ ਹਵੇਲੀ ਨੁਮਾ ਮਕਾਨ ਵਿਚ ਸੀ। ਸੋ ਬਾਅਦ ਵਿਚ ਫਤਹਿਗੜ੍ਹ ਸਾਹਿਬ ਸਾਰਿਆਂ ਨੂੰ ਰਿਹਾਇਸ਼ ਮਿਲ ਗਈ।

ਦਾਸ ਨੂੰ ਫਤਹਿਗੜ੍ਹ ਸਾਹਿਬ ਦੀ ਦਰਸ਼ਨੀ ਡਿਊਟੀ ਦੇ ਉਪਰ ਖੱਬੇ ਹੱਥ ਕੁਆਰਟਰ ਮਿਲ ਗਿਆ ਸੀ।

ਭਾਈ ਸਾਹਿਬ ਦੇ ਨਾਲ ਸੇਵਾ ਕਰਦਿਆਂ 18 ਅਕਤੂਬਰ 1965 ਨੂੰ ਦਾਸ ਦੇ ਘਰ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਹੀ ਪਹਿਲੀ ਬੱਚੀ ਇੰਦਰਜੀਤ ਕੌਰ ਨੇ ਜਨਮ ਲਿਆ। ਬੱਚੀ ਦੇ ਜਨਮ ਤੋਂ ਦੋ ਦਿਨਾਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੇਰੀ ਬਦਲੀ ਦਾ ਆਰਡਰ ਆ ਗਿਆ। ਮੇਰੀ ਬਦਲੀ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਮੁਕਤਸਰ ਕਰ ਦਿੱਤੀ। ਮੈਂ ਅਤੇ ਪਤੰਗ ਸਾਹਿਬ ਨੇ ਬੜੀ ਕੋਸ਼ਿਸ਼ ਕੀਤੀ ਮੇਰੀ ਬਦਲੀ ਰੁਕਵਾਉਣ ਦੀ, ਪਰ ਸਭ ਬੇਕਾਰ। ਕਮੇਟੀ ਦਾ ਆਰਡਰ ਆਇਆ ਕਿ ਇਕ ਵਾਰ ਤਾਂ ਜਾਣਾ ਹੀ ਪੈਣਾ ਹੈ। ਫਿਰ ਬਾਅਦ ਵਿਚ ਵਾਪਸ ਇਥੇ ਹੀ ਬਦਲੀ ਕਰ ਦਿਆਂਗੇ। ਸੋ ਦੋ ਚਾਰ ਦਿਨਾਂ ਬਾਅਦ ਦੀਵਾਲੀ ਸੀ, ਦੀਵਾਲੀ ਮਨਾਉਣ ਤੋਂ ਬਾਅਦ ਮੈਂ ਪਰਿਵਾਰ ਨੂੰ ਮਾਤਾ ਪਿਤਾ ਪਾਸ ਰਾਜਪੁਰੇ ਛੱਡ ਕੇ ਆਪ 31 ਅਕਤੂਬਰ ਨੂੰ ਮੁਕਤਸਰ ਸਾਹਿਬ ਪਹੁੰਚ ਗਿਆ। 1 ਨਵੰਬਰ 1965 ਨੂੰ ਸ੍ਰੀ ਦਰਬਾਰ ਸਾਹਿਬ ਮੁਕਤਸਰ ਭਾਈ ਹਮੀਰ ਸਿੰਘ ਰਾਗੀ ਨਾਲ ਮੇਰੀ ਤਬਲੇ ਤੇ ਡਿਊਟੀ ਸ਼ੁਰੂ ਹੋ ਗਈ। ਸੋ ਨਵੰਬਰ 1965 ਤੋਂ ਜਨਵਰੀ 1966 ਤੱਕ ਦਾਸ ਨੇ ਸ੍ਰੀ ਮੁਕਤਸਰ ਸਾਹਿਬ ਡਿਊਟੀ ਨਿਭਾਈ ਅਤੇ ਇਸ ਸਮੇਂ ਵਿਚ ਮਾਘੀ ਮੇਲਾ ਮੁਕਤਸਰ ਆ ਗਿਆ, ਤੇ ਮੁਕਤਸਰ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਉਦੋਂ ਸੰਤ ਚੰਨਣ ਸਿੰਘ ਜੀ ਸਨ, ਉਹ ਆ ਗਏ। ਦਾਸ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਤੇ ਉਨ੍ਹਾਂ ਮੇਰੀ ਬੇਨਤੀ ਮੰਨ ਕੇ ਵਾਪਸ ਸ੍ਰੀ ਫਤਹਿਗੜ੍ਹ ਸਾਹਿਬ ਬਦਲੀ ਕਰ ਦਿੱਤੀ। ਸੋ 31 ਜਨਵਰੀ 1966 ਨੂੰ ਮੈਂ ਵਾਪਸ ਸ੍ਰੀ ਫਤਹਿਗੜ੍ਹ ਸਾਹਿਬ ਪਹੁੰਚ ਗਿਆ। ਫਤਹਿਗੜ੍ਹ ਸਾਹਿਬ ਵਾਪਸ ਪਹੁੰਚਣ ਤੋਂ ਬਾਅਦ ਕਮੇਟੀ ਨੇ ਮੇਰੀ ਡਿਊਟੀ ਗੁਰਦੁਆਰਾ ਜੋਤੀ ਸਰੂਪ ਵਿਖੇ ਭਾਈ ਪ੍ਰਤਾਪ ਸਿੰਘ ਬਸੀ ਪਠਾਣਾਂ ਵਾਲਿਆਂ ਨਾਲ ਤਬਲੇ ਤੇ ਲਾ ਦਿੱਤੀ। ਰਿਹਾਇਸ਼ ਮੇਰੀ ਫਤਹਿਗੜ੍ਹ ਸਾਹਿਬ ਸੀ, ਇਸ ਲਈ ਦੋਵੇਂ ਵਕਤ ਉਥੋਂ ਹੀ ਆਉਣਾ ਜਾਣਾ ਪੈਂਦਾ ਸੀ। ਇਸ ਤਰ੍ਹਾਂ ਦੋ ਕੁ ਮਹੀਨੇ ਫਰਵਰੀ ਤੇ ਮਾਰਚ 1966 ਮੈਂ ਗੁਰਦੁਆਰਾ ਜੋਤੀ ਸਰੂਪ ਡਿਊਟੀ ਕੀਤੀ। ਪਰ ਮਨ ਨਹੀਂ ਲੱਗਾ, ਕਿਉਂਕਿ ਤਬਲਾ ਵਜਾਉਣ ਦਾ ਜੋ ਅਨੰਦ ਭਾਈ ਪਤੰਗ ਸਾਹਿਬ ਨਾਲ ਆਉਂਦਾ ਸੀ, ਉਹ ਆਨੰਦ ਹੋਰ ਕਿਸੇ ਨਾਲ ਵੀ ਤਬਲਾ ਵਜਾਉਣ ਦਾ ਨਹੀਂ ਆਇਆ। ਸੋ ਉਦਾਸ ਹੋ ਕੇ 31 ਮਾਰਚ 1966 ਨੂੰ ਸ਼੍ਰੋਮਣੀ ਕਮੇਟੀ ਦੀ ਸੇਵਾ ਦਾਸ ਨੇ ਛੱਡ ਦਿੱਤੀ।

ਭਾਈ ਅਮੀਰ ਸਿੰਘ ਜੋ ਪਤੰਗ ਜੀ ਨਾਲ ਸਹਾਇਕ ਰਾਗੀ ਸਨ। ਇਹ ਰਾਜਪੂਤ ਬਿਰਾਦਰੀ ਦੇ ਮਸ਼ਹੂਰ ਰਾਗੀ ਭਾਈ ਛਬੀਲ ਸਿੰਘ ਜੀ ਦੇ ਸਪੁਤਰ ਸਨ। ਭਾਈ ਛਬੀਲ ਸਿੰਘ ਜੀ ਦੀ ਆਵਾਜ਼ ਬਹੁਤ ਬੁਲੰਦ ਸੀ। ਉਹ ਹਜ਼ਾਰਾਂ ਦੀ ਤਾਦਾਦ ਵਿਚ ਭਾਵੇਂ ਸੰਗਤ ਹੋਵੇ, ਬਿਨਾਂ ਲਾਊਡ ਸਪੀਕਰ ਤੋਂ ਐਸਾ ਗਾਉਂਦੇ ਸਨ ਕਿ ਦੂਰ ਬੈਠੇ ਲੋਕਾਂ ਨੂੰ ਵੀ ਇੰਝ ਲੱਗਦਾ ਸੀ ਜਿਵੇਂ ਸਾਡੇ ਕੋਲ ਬੈਠ ਕੇ ਹੀ ਗਾ ਰਹੇ ਹਨ। ਹਾਸ ਰਸ ਦੇ ਬਹੁਤ ਮਾਹਰ ਸਨ। ਆਪਣੀ ਵਿਆਖਿਆ ਵਿਚ ਲੋਕਾਂ ਨੂੰ ਹਸਾ ਹਸਾ ਕੇ ਢਿੱਡੀਂ ਪੀੜਾਂ ਪਾ ਦਿੰਦੇ ਸਨ। ਭਾਈ ਅਮੀਰ ਸਿੰਘ ਵੀ ਬਹੁਤ ਹਸਮੁਖ ਸੁਭਾ ਦੇ ਮਾਲਿਕ ਸਨ। ਸੋ ਮੇਰੇ ਤੋਂ ਬਾਅਦ ਉਨ੍ਹਾਂ ਦੀ ਵੀ ਬਦਲੀ ਕਮੇਟੀ ਨੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲੇ ਕਰ ਦਿੱਤੀ। ਮੇਰੇ ਉਸਤਾਦ ਭਾਈ ਕਿਰਪਾਲ ਸਿੰਘ ਹਜ਼ੂਰੀ ਰਾਗੀ ਨਾਲ ਅਤੇ ਅੱਜ ਕਲ੍ਹ ਉਹ ਆਪ ਖੁਦ ਹੈਡ ਗ੍ਰੰਥੀ ਹਨ।

ਭਾਈ ਉਤਮ ਸਿੰਘ ਪਤੰਗ ਸਾਹਿਬ ਨਾਲ ਦਾਸ ਨੇ ਤਕਰੀਬਨ ਅੱਠ ਕੁ ਮਹੀਨੇ ਹੀ ਸੇਵਾ ਕੀਤੀ। ਪਰ ਜਿੰਨਾ ਚਿਰ ਕੀਤੀ ਬਹੁਤ ਵਧੀਆ ਕੀਤੀ। ਇਹ ਮੇਰੀ ਜ਼ਿੰਦਗੀ ਦੇ ਸੁਨਹਿਰੀ ਦਿਨ ਸਨ ਜੋ ਸਦਾ ਲਈ ਤਾਅ ਜ਼ਿੰਦਗੀ ਯਾਦ ਰਹਿਣਗੇ। ਸੋ ਪਤੰਗ ਜੀ ਦੇ ਨਾਲ ਰਹਿੰਦਿਆਂ , ਜੋ ਉਨ੍ਹਾਂ ਤੋਂ ਉਨ੍ਹਾਂ ਬਾਰੇ ਉਨ੍ਹਾਂ ਦੀ ਆਪਣੀ ਜ਼ੁਬਾਨੀ ਸੁਣਿਆ ਤੇ ਦੇਖਿਆ ਉਹ ਮੈਂ ਅੱਗੇ ਲੇਖ ਵਿਚ ਲਿਖਣੀ ਨਿਮਾਣੀ ਕੋਸ਼ਿਸ਼ ਕਰ ਰਿਹਾ ਹਾਂ।

ਪਤੰਗ ਸਾਹਿਬ ਜੀ ਦਾ ਛੋਟਾ ਭਰਾ ਕੈਪਟਨ ਅਮਰੀਕ ਸਿੰਘ ਆਰਮੀ ਵਿਚ ਨੌਕਰੀ ਕਰਦਾ ਸੀ ਅਤੇ ਉਹ ਵੀ ਬਹੁਤ ਮਿੱਠ ਬੋਲੜਾ ਅਤੇ ਮਿਲਾਪੜੇ ਸੁਭਾ ਦਾ ਸੱਜਣ ਹੈ।

ਇਕ ਦਿਨ ਪਤੰਗ ਸਾਹਿਬ ਨੇ ਮੈਨੂੰ ਦਸਿਆ ਕਿ ਜਦੋਂ ਮੇਰਾ ਢਾਡੀ ਜਥਾ ਹੁੰਦਾ ਸੀ ਤਾਂ ਸਾਡਾ ਜਥਾ ਪੰਜਾਬ ਦਾ ਪ੍ਰਸਿੱਧ ਢਾਡੀ ਜਥਾ ਸੀ ਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸਾਡੇ ਤੋਂ ਗੁਰ ਇਤਿਹਾਸ ਸੁਣ ਕੇ ਪ੍ਰਸੰਨ ਹੁੰਦੇ ਸਨ। ਸਾੜੇ ਦੇ ਮਾਰੇ ਈਰਖਾ ਵਿਚ ਆ ਕੇ ਇਕ ਹੋਰ ਢਾਡੀ ਨੇ ਮੈਨੂੰ ਧੋਖੇ ਨਾਲ ਸੰਧੂਰ ਪਿਆ ਦਿੱਤਾ, ਜਿਸ ਕਾਰਨ ਪਤੰਗ ਜੀ ਦੀ ਆਵਾਜ਼

ਬਿਲਕੁਲ ਬੰਦ ਹੋ ਗਈ। ਆਪ ਗੁੰਗਿਆਂ ਵਰਗਾ ਜੀਵਨ ਬਤੀਤ ਕਰਨ ਲੱਗ ਪਏ। ਸਾਰਾ ਦਿਨ ਆਪਣੇ ਖੇਤਾਂ ਵਿਚ ਖੂਹ ਤੇ ਕੰਮ ਕਰਦੇ ਰਹਿਦੇ ਸਨ। ਇਕ ਦਿਨ ਆਪ ਜੀ ਆਪਣੇ ਖੂਹ ਤੇ ਬੈਠੇ ਸਨ, ਇਕ ਸਾਧੂ ਆ ਗਿਆ। ਉਸ ਸਾਧੂ ਨੇ ਪ੍ਰਸ਼ਾਦੇ ਦੀ ਸੱਦ ਦਿੱਤੀ। ਆਪ ਜੀ ਨੇ ਆਪਣੇ ਘਰੋਂ ਰੋਟੀ ਲਿਆ ਬੜੇ ਪ੍ਰੇਮ ਨਾਲ ਸਾਧੂ ਨੂੰ ਛਕਾਈ। ਜਦੋਂ ਸਾਧੂ ਨੇ ਬੁਲਾਇਆ ਤਾਂ ਆਪ ਜੀ ਨੇ ਇਸ਼ਾਰੇ ਨਾਲ ਦਸਿਆ ਕਿ ਮੈਂ ਬੋਲ ਨਹੀਂ ਸਕਦਾ ਤਾਂ ਇਨ੍ਹਾਂ ਦੇ ਘਰਦਿਆਂ ਨੇ ਸਾਰੀ ਵਿਥਿਆ ਉਸ ਸਾਧੂ ਨੂੰ ਸੁਣਾਈ ਕਿ ਇਸ ਕਰਕੇ ਆਵਾਜ਼ ਬੰਦ ਹੋ ਗਈ ਹੈ ਤਾਂ ਸਾਧੂ ਸਮਝ ਗਿਆ। ਸਾਧੂ ਨੇ ਕਿਹਾ ਕਿ ਸਰਦਾਰਾ ਜੇਕਰ ਤੂੰ ਖੂਹ ਵਿਚ ਪੁੱਠਾ ਲਟਕ ਕੇ ਆਵਾਜ਼ ਕੱਢਣ ਦੀ ਕੋਸ਼ਿਸ਼ ਕਰੇਂ ਤੇ ਜ਼ੋਰ ਲਾਵੇਂ ਤਾਂ ਤੇਰਾ ਸੰਧੂਰ ਮੂੰਹ ਰਾਹੀਂ ਬਾਹਰ ਆਉਣਾ ਸ਼ੁਰੂ ਹੋ ਜਾਏਗਾ। ਜੇ ਗੁਰੂ ਨੇ ਚਾਹਿਆ ਤਾਂ ਤੂੰ ਬੋਲਣਾ ਜੋਗਾ ਹੋ ਜਾਵੇਂਗਾ ਤੇ ਠੀਕ ਹੋ ਜਾਵੇਗਾ। ਪਰ ਢਾਡੀ ਪੁਣਾ ਛੱਡ ਦੇਵੀਂ ਤੇ ਗੁਰੂ ਦਾ ਕੀਰਤਨ ਕਰੀਂ। ਆਪ ਜੀ ਨੇ ਸਾਧੂ ਦੀ ਗਲ ਮੰਨ ਕੇ ਐਸਾ ਕਰਨਾ ਸ਼ੁਰੂ ਕਰ ਦਿੱਤਾ। ਰੋਜ਼ ਤਕਰੀਬਨ ਇਕ ਦੋ ਘੰਟਾ ਖੂਹ ਵਿਚ ਪੁੱਠਾ ਲਟਕ ਕੇ ਆਵਾਜ਼ ਕੱਢਣੀ ਤੇ ਕੁਝ ਸਮੇਂ ਬਾਅਦ ਹੀ ਸੰਧੂਰ ਮੂੰਹ ਰਾਹੀਂ ਬਾਹਰ ਆਉਣ ਲਗ ਪਿਆ। ਆਪ ਕੁਝ ਹੀ ਦਿਨਾਂ ਵਿਚ ਨੌਂ ਬਰ ਨੌਂ ਹੋ ਗਏ ਅਤੇ ਫਿਰ ਸਾਰਾ ਜੀਵਨ ਗੁਰੂ ਨੂੰ ਸਮਰਪਿਤ ਕਰ ਦਿੱਤਾ।

ਦੇਸ਼ ਦੀ ਵੰਡ ਤੋਂ ਪਹਿਲਾਂ ਪਤੰਗ ਸਾਹਿਬ ਰੱਜੇ ਪੁੱਜੇ ਘਰ ਦੇ ਸਨ। ਸੰਨ 1947 ਵਿਚ ਉਹ ਘਰੋਂ ਬੇਘਰ ਹੋ ਕੇ ਪਾਕਿਸਤਾਨ ਤੋਂ ਇਧਰ ਆਏ ਅਤੇ ਬੜੇ ਸਬਰ ਸੰਤੋਖ ਨਾਲ ਵਕਤ ਟਪਾਉਂਦੇ ਰਹੇ। ਆਪ ਨੇ ਪਰਿਵਾਰ ਤੋਂ ਇਲਾਵਾ ਛੋਟੇ ਭੈਣ ਭਰਾਵਾਂ ਨੂੰ ਵੀ ਸਾਂਭਿਆ।

ਆਪ ਜੀ ਦਾ ਜੀਵਨ ਇਕ ਸੰਤ ਸਿਪਾਹੀ ਵਾਲਾ ਜੀਵਨ ਸੀ। ਆਪ ਜੀ ਉਨ੍ਹਾਂ ਗਿਣਵੇਂ ਚੁਣਵੇਂ ਰਾਗੀਆਂ ਵਿਚੋਂ ਸਨ, ਜਿਨ੍ਹਾਂ ਦਾ ਜੀਵਨ ਗੁਰਬਾਣੀ ਅਨੁਸਾਰ ਸੀ। ਆਪ ਜੀ ਪੂਰਨ ਨਿਤਨੇਮੀ ਸਨ ਅਤੇ ਸਾਰਾ ਜੀਵਨ ਆਪ ਜੀ ਤੇ ਕਿਸੇ ਨੇ ਕਦੀ ਵੀ ਕੋਈ ਦੂਸ਼ਣ ਜਾਂ ਲਾਂਛਣ ਨਹੀਂ ਲਾਇਆ ਅਤੇ ਆਪ ਜੀ ਮਰਿਯਾਦਾ ਦੇ ਇਤਨੇ ਪੱਕੇ ਸਨ ਤੇ ਪਾਬੰਦ ਸਨ ਕਿ ਕੋਈ ਐਸੀ ਗੱਲ ਸਹਿਣ ਨਹੀਂ ਸੀ ਕਰਦੇ ਜੋ ਬੰਦਾ ਪਾਲਣਾ ਨਾ ਕਰੇ। ਘਰ ਵਿਚ ਪੂਰਾ ਰੋਹਬ ਦਾਬ ਸੀ। ਭਾਈ ਸਾਹਿਬ ਜੀ ਦੇ ਐਸੇ ਉਤਮ ਵੀਚਾਰ ਹੋਣ ਕਰਕੇ ਹੀ, ਇਨ੍ਹਾਂ ਉਤੇ ਸਤਿਗੁਰ ਦੀ ਬਖਸ਼ਿਸ਼ ਹੋ ਗਈ ਅਤੇ ਗੁਰੂ ਦੇ ਕੀਰਤਨ ਦੀ ਸੇਵਾ ਮਿਲ ਗਈ। ਫਿਰ ਜੀਵਨ ਵਿਚ ਸਫ਼ਲਤਾਵਾਂ ਉਨ੍ਹਾਂ ਦੇ ਪੈਰ ਚੁੰਮਦੀਆਂ ਰਹੀਆਂ।

ਆਪ ਜੀ ਕੀਰਤਨ ਕਰਨ ਤੋਂ ਪਹਿਲਾਂ ਹਮੇਸ਼ਾ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਬੈਠ ਕੇ ਪਾਠ ਸੁਣਿਆ ਕਰਦੇ ਸਨ। ਕੀਰਤਨ ਕਰਨ ਸਮੇਂ ਕਦੇ ਬਾਹਰ ਵੱਲ ਨਹੀਂ ਸੀ ਝਾਕਦੇ ਅਤੇ ਨਾ ਹੀ ਸੰਗਤਾਂ ਦੀਆਂ ਜੇਬਾਂ ਵੱਲ, ਅਤੇ ਨਾ ਕਿਸੇ ਹੋਰ ਪਾਸੇ। ਕੀਰਤਨ ਬਣੇ ਹੀ ਕੁਦਰਤੀ ਅੰਦਾਜ਼ ਵਿਚ ਕਰਦੇ ਸਨ। ਆਪ ਜੀ ਅਕਸਰ ਆਪਣੇ ਸਮੇਂ ਤੋਂ ਪੰਜ ਸੱਤ ਮਿਟ ਵੱਧ ਕੀਰਤਨ ਕਰਦੇ। ਇਕ ਵਾਰ ਅਸੀਂ ਕਿਹਾ ਕਿ ਭਾਈ ਸਾਹਿਬ ਜੀ ਸਮੇਂ ਸਿਰ ਸਮਾਪਤੀ ਕਰ ਦਿਆ ਕਰੋ ਤਾਂ ਆਪ ਜੀ ਨੇ ਜਵਾਬ ਦਿੱਤਾ ਕਿ ਭਾਈ ਜਿਹੜਾ ਫਾਲਤੂ ਸਮਾਂ ਆਪਾਂ ਕੀਰਤਨ ਕਰਦੇ ਹਾਂ, ਉਹੀ ਤਾਂ ਸਾਡਾ ਹੈ, ਬਾਕੀ ਸਮੇਂ ਦੀ ਤਾਂ ਆਪਾਂ ਤਨਖਾਹ ਲੈ ਲੈਂਦੇ ਹਾਂ।

ਆਪ ਜੀ ਦੇ ਕੀਰਤਨ ਦੀਆਂ ਵਿਸ਼ੇਸਤਾਵਾਂ ਦਾ ਹਿਸਾਬ ਤਾਂ ਕੋਈ ਕੀਰਤਨੀਆ ਹੀ ਲਾ ਸਕਦਾ ਹੈ। ਜਿਸ ਤਰਾਂ ਕਿ ਗੁਰਬਾਣੀ ਦਾ ਸ਼ੁੱਧ ਉਚਾਰਣ, ਢੁਕਵੇਂ ਪ੍ਰਮਾਣ, ਸਮੇਂ ਮੁਤਾਬਿਕ ਸ਼ਬਦ ਦੀ ਚੋਣ, ਅਤੇ ਸਮੇਂ ਦਾ ਰਾਗ ਗਾਣਾ, ਸੁਰ ਅਤੇ ਲੈਅ ਦਾ ਵਿਸ਼ਸ ਧਿਆਨ ਰੱਖਣਾ,ਧਿਆਨ ਮਗਨ, ਗੁਰਬਾਣੀ ਸਾਰੀ ਵੇਖ ਕੇ ਨਹੀਂ, ਜ਼ਬਾਨੀ ਪੜ੍ਹਨੀ, ਅਤੇ ਆਪ ਜੀ ਦਾ ਮਿੱਠਾ ਸੁਭਾਅ, ਅਤੇ ਨਰਮ ਬੋਲ -ਚਾਲ,ਨਿਮਰਤਾ ਆਦਿ ਕਾਰਨ ਆਪ ਜੀ ਨੂੰ ਸਾਰਾ ਜੀਵਨ ਸ੍ਰੋ: ਗੁ: ਪ੍ਰ: ਕ: ਨੇ ਆਪਣੇ ਨਾਲ ਜੋੜੀ ਰਖਿਆ,ਅਤੇ ਆਪ ਜੀ ਸ਼ਰਧਾ ਨਾਲ ਕੀਰਤਨ ਕਰਦੇ ਸਨ।

ਉਹਨਾਂ ਨੇ ਆਪਣੇ ਤਿਨਾਂ ਪੁੱਤਰਾਂ ਨੂੰ ਵੀ ਰੱਬੀ ਬਾਣੀ ਦਾ ਕੀਰਤਨ ਸਿਖਾਇਆ ਅਤੇ ਸਕੂਲਾਂ, ਕਾਲਜਾਂ ਵਿਚ ਵਿਦਿਆ ਦਿਵਾਈ। ਉਹਨਾਂ ਦੇ ਤਿੰਨੇ ਪੁੱਤਰ–"1–ਡਾ: ਜਗੀਰ ਸਿੰਘ , 2–ਡਾ: ਬਚਿਤਰ ਸਿੰਘ, 3–ਡਾ: ਗੁਰਨਾਮ ਸਿੰਘ" ਕਿਸੇ ਪਹਿਚਾਨ ਦੇ ਮੁਥਾਜ ਨਹੀਂ। ਕੀਰਤਨ ਦੀ ਦਾਤ ਉਹਨਾਂ ਨੂੰ ਵਿਰਾਸਤ ਵਿਚ ਮਿਲੀ ਸੀ। ਪਰ ਉਹਨਾਂ ਆਪਣੀ ਮਿਹਨਤ ਤੇ ਲਗਨ ਨਾਲ ਸਫਲਤਾ ਦੀ ਟੀਸੀਆਂ ਨੂੰ ਛੋਹਿਆ। ਆਪ ਜੀ ਦੇ ਵੱਡੇ ਸਪੁੱਤਰ ਡਾ: ਜਾਗੀਰ ਸਿੰਘ ਜੀ, ਜਿਥੇ ਕਲਾਸੀਕਲ ਦੀ ਪਰੰਪਰਾ ਨੂੰ ਅਪਣਾਇਆ, ਓਥੇ

ਇਸ ਵਿਸ਼ੇ ਤੇ ਹੀ ਡਾਕਟਰੇਟ ਦੀ ਡਿਗਰੀ ਵੀ ਪ੍ਰਾਪਤ ਕੀਤੀ। ਡਾ: ਜਾਗੀਰ ਸਿੰਘ ਜੀ ਅਪਣੇ ਪਿਤਾ ਜੀ ਨਾਲ ਵੀ ਸੁਬ੍ਹ ਸ਼ਾਮ ਕੀਰਤਨ ਕਰਵਾਂਦੇ ਰਹੇ ਤੇ ਨਾਲ ਪੜ੍ਹਾਈ ਵੀ ਕਰਦੇ ਰਹੇ। ਉਦੋਂ ਤੋਂ ਸਾਡੀ ਦੋਸਤੀ ਪੈ ਗਈ ਜੋ ਹੁਣ ਤੱਕ ਨਿਭ ਰਹੀ ਹੈ। ਡਾ:ਜਾਗੀਰ ਸਿੰਘ ਜੀ ਦਿੱਲੀ ਵਿਖੇ, ਗੁਰਦੁਆਰਾ ਸੰਤਪੁਰਾ, ਤਿਲਕ ਨਗਰ, ਮੇਰੇ ਨਾਲ ਵੀ ਕੁਛ ਸਮਾਂ ਸਹਾਇਕ ਰਾਗੀ ਦੇ ਤੌਰ ਤੇ ਸਾਥ ਦੇਂਦੇ ਰਹੇ। ਹੁਣ ਆਪ ਜੀ ਕੀਰਤਨ ਕਰਕ ਅਤੇ ਇਹ ਮੈਗਜ਼ੀਨ ਅੰਮ੍ਰਿਤ ਕੀਰਤਨ ਹਰ ਮਹੀਨੇ ਪ੍ਰਕਾਸ਼ਿਤ ਕਰਕੇ ਸੇਵਾ ਕਰ ਰਹੇ ਹਨ। ਇਹ ਗੁਰਮਤਿ ਸੰਗੀਤ ਪ੍ਰੇਮੀਆਂ ਲਈ ਵੱਡਮੁਲੀ ਸੇਵਾ ਹੈ।

ਪਤੰਗ ਸਾਹਿਬ ਦੇ ਦੂਜੇ ਪੁੱਤਰ ਡਾ: ਬਚਿਤਰ ਸਿੰਘ ਜੀ, ਕਾਲਜ ਵਿਚ ਪੜ੍ਹਾਉਣ ਦੇ ਨਾਲ ਨਾਲ ਕੀਰਤਨ ਵੀ ਕਰਦੇ ਹਨ ਅਤੇ ਰੇਡਿਓ ਅਤੇ ਟੀ ਵੀ ਦੇ ਗਾਇਕ ਕਲਾਕਾਰ ਹਨ, ਅਤੇ ਕਈ ਸੰਗੀਤ ਪੁਸਤਕਾਂ ਦੇ ਲੇਖਕ ਹਨ। ਅਤੇ ਏ ਐਸ ਕਾਲਜ ਵਿਖੇ, ਸੰਗੀਤ ਦੇ ਅਧਿਆਪਕ (ਪ੍ਰੋਫੈਸਰ) ਹਨ।

ਤੀਜੇ ਪੁੱਤਰ ਡਾ: ਗੁਰਨਾਮ ਸਿੰਘ ਜੀ, ਗੁਰਮਤਿ ਸੰਗੀਤ ਵਿਭਾਗ,ਪੰਜਾਬੀ ਯੂਨੀਵਰਸਿਟੀ,ਪਟਿਆਲਾ ਦੇ ਮੁਖੀ ਹਨ। ਜਦੋਂ ਮੈਂ ਪਤੰਗ ਸਾਹਿਬ ਜੀ ਨਾਲ, ਤਬਲੇ ਤੇ ਡੀਊਟੀ ਕਰਦਾ ਸੀ,ਇਹ ਡਾ: ਗੁਰਨਾਮ ਸਿੰਘ ਜੀ ਉਦੋਂ ਬਹੁਤ ਛੋਟੇ ਸਨ। ਮੇਰੇ ਖਿਆਲ ਵਿਚ ਉਸ ਵਕਤ ਇਹਨਾਂ ਦੀ ਉਮਰ ਮਸਾਂ ਸਤ-ਅੱਠ ਸਾਲ ਦੇ ਕਰੀਬ ਹੋਵੇਗੀ। ਅਸੀਂ ਤੇ ਪਤੰਗ ਜੀ ਇਕੋ ਮਕਾਨ ਵਿਚ ਇਕਠੇ ਹੀ ਰਹਿੰਦੇ ਸੀ। ਇਹ ਗੁਰਨਾਮ ਸਿੰਘ ਮੇਰੀ ਘਰਵਾਲੀ ਨੂੰ ਮਜ਼ਾਕ ਕਰਿਆ ਕਰਦਾ ਸੀ,ਕਿ ਅਸੀਂ ਮਹਾਰਾਜ ਦੇ ਦਰਸ਼ਨ ਕਰਨ ਗਏ ਸੀ,ਪਰ ਸਾਡੇ ਕਰਮਾਂ ਵਿਚ ਨਹੀਂ ਸੀ) ।ਦਰਸ਼ਨ ਕੌਰ ਮੇਰੀ ਪਤਨੀ ਦਾ ਨਾਂ ਹੈ, ਦਰਸ਼ਨ ਕੌਰ ਮੈਨੂੰ ਆਖੇ, ਇਹ ਕਾਕਾ ਪਤਾ ਨਹੀਂ ਕੀ ਕਹਿੰਦਾ, ਮੈਨੂੰ ਸਮਝ ਨਹੀਂ ਆਉਂਦੀ,ਤਾਂ ਮੈਂ ਦਸਿਆ ਕਿ ਆਪਣੇ ਨਾਂ ਵਿਚ ਪਾ ਕੇ ਦੋਹਾਂ ਦੇ,ਤੇ ਮਜ਼ਾਕ ਕਰਦਾ ਹੈ। ਕਿ ਦਰਸ਼ਨ ਕਰਨ ਗਏ ਸੀ, ਪਰ "ਕਰਮਾਂ" ਵਿਚ ਨਹੀਂ ਸੀ। ਓਦੋਂ ਤਾਂ ਮਜ਼ਾਕ ਕਰਦਾ ਹੀ ਸੀ,ਤੇ ਹੁਣ ਸੱਚੀ ਮੁੱਚੀ ਵਿਦਿਆ ਵਿਚ ਸਾਡੇ ਤੋਂ ਅਗੇ ਲੰਘ ਕੇ ਸਾਨੂੰ ਮਜ਼ਾਕ ਕਰਨ ਲਗ ਪਿਆ ਹੈ। ਖ਼ੈਰ,ਸਤਿਗੁਰੂ ਇਹਨਾਂ ਤਿੰਨਾਂ ਭਰਾਵਾਂ ਨੂੰ ਹੋਰ ਚੜ੍ਹਦੀਆਂ ਕਲਾਂ ਬਖ਼ਸ਼ਣ॥

ਪਤੰਗ ਸਾਹਿਬ ਜੀ,ਉਮਰ ਭਰ ਨਿਸ਼ਕਾਮ ਰੂਪ ਵਿਚ ਕੀਰਤਨ ਕਰਦੇ ਰਹੇ, ਉਹਨਾਂ ਦੀ ਕਰਨੀ ਤੇ ਕਥਨੀ ਤੇ ਜੀਵਨ ਅਤੇ ਕੀਰਤਨ ਵਿਚ ਇਕ ਸਹਿਜ ਸੀ। ਅਤੇ ਸਹਿਜ ਰੂਪ ਵਿਚ ਕੀਰਤਨ ਕੀਤਾ ਹੀ ਥਾਂਏ ਪੈਂਦਾ ਹੈ। ਇਸੇ ਕਾਰਣ ਓਹ ਘੰਟਿਆਂ ਬੱਧੀ ਅਡੋਲ ਸਮਾਧੀ ਲਾ ਕੇ ਕੀਰਤਨ ਕਰਨ ਦੀ ਸਮਰਥਾ ਰਖਦੇ ਸਨ। ਆਪ ਜੀ,ਆਸਾ ਦੀ ਵਾਰ ਅਤੇ ਬਸੰਤ,ਮਲ੍ਹਾਰ ਅਤੇ ਕਲਿਆਨ ਦੀ ਚੌਂਕੀਆਂ ਕਰਨ ਵਿਚ ਉਤਮ ਨਮੂਨਾ ਸਨ।

ਆਪ ਜੀ ਨੇ ਆਪਣੇ ਜੀਵਨ ਕਾਲ ਵਿਚ ( 1-ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦ ਪੁਰ ਸਹਿਬ, 2-ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਅੰਬਾਲਾ ਸ਼ਹਿਰ, 3-ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ, 4- ਗੁ: ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ, 5-ਗੁਰਦੁਆਰਾ ਸਾਹਿਬ, ਵਿਸ਼ਾਖ਼ਾਪਟਨਮ, ਆਂਧਰਾ ਪ੍ਰਦੇਸ, 6-ਸ੍ਰੀ ਗੰਗਾ ਨਗਰ, 7-ਸ੍ਰੀ ਨਗਰ(ਕਸ਼ਮੀਰ), 8- ਰਾਮਪੁਰ (ਯੂ ਪੀ), 9- ਬਰੇਲੀ ਅਤੇ ਲਾਹੌਰ (ਪਾਕਿਸਤਾਨ), ਵਿਚ ਕੀਰਤਨ ਦੀ ਸੇਵਾ ਕੀਤੀ।

ਆਪ ਜੀ ਨੂੰ ਭਾਸ਼ਾ ਵਿਭਾਗ, ਪੰਜਾਬ ਵਲੋਂ ਸ੍ਰੋਮਣੀ ਰਾਗੀ ਅਵਾਰਡ 1991 ਵਿਚ ਦਿਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਵਲੋਂ (ਭਾਈ ਹੀਰਾ ਸਿੰਘ ਜੀ, ਸ਼੍ਰੋਮਣੀ ਰਾਗੀ) ਅਵਾਰਡ ਵੀ ਦਿਤਾ ਗਿਆ ਅਤੇ ਗੁਰਮਤਿ ਸੰਗੀਤ ਸੰਮੇਲਨ, ਜਵੱਦੀ ਟਕਸਾਲ, ਲੁਧਿਆਣਾ ਵਲੋਂ 1992 ਵਿੱਚ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ।

ਪਤੰਗ ਸਾਹਿਬ ਜੀ ਜਿਥੇ ਪ੍ਰਭੂ ਭਗਤੀ ਵਿਚ ਲੀਨ ਵਧੀਆ ਕੀਰਤਨਏ ਸਨ,ਓਥੇ ਬਹੁਤ ਵਧੀਆ ਇਨਸਾਨ ਵੀ ਸਨ,ਜਿਨ੍ਹਾਂ ਜਿਨ੍ਹਾਂ ਨਾਲ ਵੀ ਉਹਨਾਂ ਦਾ ਪਿਆਰ ਪਿਆ,ਓਹ ਆਪਣੇ ਪ੍ਰੀਵਾਰ ਵਰਗਾ ਹੀ ਪਿਆ, ਉਹਨਾਂ ਦੇ ਮੋਹ ਪਿਆਰ ਅਗੇ ਖ਼ੂਨ ਦੇ ਰਿਸ਼ਤੇ ਵੀ ਫਿਕੇ ਪੈ ਜਾਂਦੇ ਸਨ। ਅਤੇ ਉਹਨਾਂ ਦੀ ਸੁਪੱਤਨੀ ਬੀਬੀ ਚਰਨ ਕੌਰ ਵੀ ਇਹਨਾਂ ਰਿਸ਼ਤਿਆਂ ਨੂੰ ਦਿਲੋਂ ਨਿਭਾਂਦੇ ਰਹੇ ਅਤੇ ਨਿਭਾ ਰਹੇ ਹਨ।

ਭਾਈ ਸਾਹਿਬ ਜੀਦੇ ਅਨੇਕਾਂ ਸ਼ਾਗਿਰਦ ਹਨ। ਜਿਨ੍ਹਾਂ ਵਿਚੋਂ ਪੰਦਰਾਂ ਦੇ ਕਰੀਬ ਸ੍ਰੋ;ਗੁ:ਪ੍ਰ; ਕ; ਵਿਚ ਬਤੌਰ ਰਾਗੀ ,ਸੇਵਾ ਕਰ ਰਹੇ ਹਨ, ਅਤੇ ਆਪ ਜੀ ਆਪਣੀ ਰਿਟਾਇਰਮੈਂਟ ਤੋਂ ਬਾਅਦ ਵੀ ਗੁਰੂ ਘਰ ਵਿਖੇ,ਕੀਰਤਨ ਦੀ ਸੇਵਾ ਨਿਸ਼ਕਾਮ ਨਿਭਾਉਂਦੇ ਰਹੇ,ਗੁਰਦਆਰਾ ਫਤਿਹ ਗੜ੍ਹ ਸਾਹਿਬ ਵਿਖੇ ਇਕ ਚੌਂਕੀ ਦੀ ਸੇਵਾ ਕਰ ਰਹੇ ਸਨ।

ਆਪ ਜੀ 1995 ਵਿਚ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ

ਕਰਕੇ ਵਾਪਸ ਆ ਗਏ ਸਨ। ਅਤੇ 21 ਸਤੰਬਰ 1995 ਨੂੰ ਅੰਮ੍ਰਿਤ ਵੇਲੇ, ਗੁਰਬਾਣੀ ਦੇ ਪਾਠ ਨਿਤਨੇਮ ਦੀ ਧੁਨ ਵਿਚ ਹੀ ਅੰਮ੍ਰਿਤ ਵੇਲੇ ਆਪਣੇ ਸਵਾਸ ਤਿਆਗ ਦਿਤੇ ਸਨ।

ਆਪ ਜੀ ਦੀ ਇਛਾ ਅਨੁਸਾਰ ਆਪ ਜੀ ਦਾ ਅੰਤਮ ਸੰਸਕਾਰ,ਗੁਰਦੁਆਰਾ ਸ੍ਰੀ ਫਤਿਹ ਗੜ੍ਹ ਸਾਹਿਬ ਦੇ ਪਿਛੇ ਕੀਤਾ ਗਿਆ ਅਤੇ ਅੰਤਮ ਅਰਦਾਸ ਅਤੇ ਕੀਰਤਨ ਗੁਰਦੁਆਰਾ ਜੋਤੀ ਸਰੂਪ ਸਾਹਿਬ ਵਿਖੇ 30 ਸਤੰਬਰ 1995 ਨੂੰ ਕੀਤਾ ਗਿਆ।

ਭਾਈ ਸਾਹਿਬ ਜੀ ਦੇ ਸਰੀਰ ਛੱਡਣ ਦੀ ਖ਼ਬਰ, ਦਾਸ ਨੂੰ ਬੜੀ ਦੇਰ ਬਾਅਦ ਮਿਲੀ,ਕਿਉਂਕਿ ਜਿਸ ਦਿਨ ਆਪ ਜੀ ਦਾ ਦਿਹਾਂਤ ਹੋਇਆ ਸੀ, ਉਸ ਦਿਨ ਅਸੀਂ ਜਰਮਨ ਵਿਚ ਸਾਂ ਅਤੇ 15 ਸਤੰਬਰ 1995 ਤੋਂ ਤਿੰਨ ਮਹੀਨੇ ਵਾਸਤੇ ਯੂਰਪ ਦੇ ਟੂਰ ਤੇ ਸਾਂ। ਸੋ ਵਾਪਸ ਭਾਰਤ ਆਉਣ ਤੇ ਹੀ ਸਾਨੂੰ ਖ਼ਬਰ ਮਿਲੀ ਕਿ ਗੁਰੂ ਘਰ ਦੇ ਮਹਾਨ ਕੀਰਤਨੀਏ ਤੇ ਅਨਿਨ ਸੇਵਕ ਭਾਈ ਉਤਮ ਸਿੰਘ ਪਤੰਗ ਜੀ ਦਾ ਦੇਹਾਂਤ ਹੋ ਗਿਆ ਹੈ। ਪੜ੍ਹ ਕੇ-ਸੁਣ ਕੇ ਮਨ ਬੜਾ ਦੁਖੀ ਹੋਇਆ,ਕਿ ਗੁਰੂ ਦੇ ਸੱਚੇ ਭਗਤ ਦਾ ਆਖ਼ਰੀ ਦਰਸ਼ਨ ਵੀ ਨਹੀਂ ਕਰ ਸਕੇ, ਸੋ ਐਸੇ ਮਹਾਨ ਭਗਤ ਕੀਰਤਨੀਏ ਨੂੰ ਮੈਂ ਸ਼ਰਧਾਂਜਲੀ ਵਜੋਂ ਤਹਿ ਦਿਲ ਤੋ ਨਮਸਕਾਰ ਕਰਦਾ ਹਾਂ।

*ਸਿਮਰਨ ਨਿਵਾਸ, 425, ਗਲੀ ਨੰ: 1,*
*ਨਿਊ ਬਸੰਤ ਵਿਹਾਰ, ਕਾਕੋਵਾਲ ਰੋਡ, ਲੁਧਿਆਣਾ*


## *ਸਾਝ ਕਰੀਜੈ ਗੁਣਹ ਕੇਰੀ*

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
gunaa kaa hovai vaasulaa kat vaas leejai
One who has a basket of fragrant virtues, should enjoy its fragrance.

ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥
jae gun hovan isaajunaa mil saajh kureejai
If my friends have virtues, I will share in them.

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
saajh kureejai guneh kaeree shodd avugun chuleeai
Let us form a partnership, and share our virtues; let us abandon our faults, and walk on the Path.

ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
pehirae puttunbur kar addunbur aapunaa pirr muleeai
Let us wear our virtues like silk clothes; let us decorate ourselves, and enter the arena.

ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥
jithai jaae beheeai bhulaa keheeai jhol anmrith peejai
Let us speak of goodness, wherever we go and sit; let us skim off the Ambrosial Nectar, and drink it in.

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥
gunaa kaa hovai vaasulaa kat vaas leejai
One who has a basket of fragrant virtues, should enjoy its fragrance. ||3||

*With best compliments from a wellwisher*

# ਮਹਾਨ ਗੁਰਮਤਿ ਸੰਗੀਤ ਅਚਾਰੀਆ : ਪ੍ਰੋ: ਤਾਰਾ ਸਿੰਘ

ਡਾ. ਜਾਗੀਰ ਸਿੰਘ

ਪ੍ਰੋਫੈਸਰ ਤਾਰਾ ਸਿੰਘ ਜੀ ਦਾ ਨਾਮ ਗੁਰਮਤਿ ਸੰਗੀਤ ਦੇ ਖੇਤਰ ਵਿਚ ਧਰੂ ਤਾਰੇ ਵਾਂਗ ਚਮਕ ਰਿਹਾ ਹੈ। ਆਪ ਨੂੰ ਅੱਜ ਗੁਰਮਤਿ ਸੰਗੀਤ ਦੇ ਮਹਾਨ ਅਚਾਰੀਆ ਦੇ ਤੌਰ ਤੇ ਜਾਣਿਆ ਜਾਂਦਾ ਹੈ। ਆਪ ਨੇ ਪੰਜਾਬ ਦੇ ਅਕਾਦਮਿਕ ਸੰਗੀਤ ਦੇ ਖੇਤਰ ਵਿਚ ਕਿਰਿਆਤਮਕ ਅਤੇ ਸਿਧਾਂਤਕ ਪੱਧਰ 'ਤੇ ਮਹਾਨ ਯੋਗਦਾਨ ਪਾਇਆ ਹੈ। ਆਪ ਦੁਆਰਾ ਸਿਖਲਾਈ ਪ੍ਰਾਪਤ ਕੀਤੇ ਵਿਦਿਆਰਥੀਆਂ ਵਿਚੋਂ ਬਹੁਤੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਉੱਘੇ ਸੰਗੀਤ ਅਧਿਆਪਕ ਹਨ ਅਤੇ ਆਪ ਦੁਆਰਾ ਰਚਿਆ ਸੰਗੀਤ ਸਾਹਿਤ ਅੱਜ ਵੀ ਸੰਗੀਤ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਚਾਨਣ ਮੁਨਾਰੇ ਦਾ ਕੰਮ ਕਰ ਰਿਹਾ ਹੈ ।

ਪ੍ਰੋ. ਤਾਰਾ ਸਿੰਘ ਦਾ ਜਨਮ 18 ਸਤੰਬਰ, 1919 ਨੂੰ ਹੋਇਆ। ਆਪ ਦੀ ਮਾਤਾ ਦਾ ਨਾਮ ਰਾਇ ਕੌਰ ਅਤੇ ਪਿਤਾ ਦਾ ਨਾਮ ਬਾਰਾ ਸਿੰਘ ਸੀ। ਇਨ੍ਹਾਂ ਦਾ ਪਿੰਡ ਸਿੱਧੂਪੁਰ ਖੁਰਦ ਜਿਲ੍ਹਾ ਰੋਪੜ ਸੀ। ਆਪ ਨੇ ਮੁਢਲੀ ਸਿੱਖਿਆ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਹੀ ਪ੍ਰਾਪਤ ਕੀਤੀ। ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਸਿਧ ਕੀਰਤਨੀਏ ਭਾਈ ਸੰਪੂਰਨ ਸਿੰਘ ਹੋਰਾਂ ਤੋਂ ਪ੍ਰਾਪਤ ਕੀਤੀ। ਭਾਈ ਸੰਪੂਰਣ ਸਿੰਘ, ਪੰਡਤ ਦਲੀਪ ਚੰਦਰ ਬੇਦੀ ਦੇ ਗੁਰੂ ਭਾਈ ਤੇ ਤਲਵੰਡੀ ਘਰਾਣੇ ਦੇ ਪ੍ਰਸਿੱਧ ਗਾਇਕ ਭਾਈ ਉੱਤਮ ਸਿੰਘ ਦੇ ਸ਼ਿਸ਼ ਸਨ। ਪ੍ਰੋਫੈਸਰ ਸਾਹਿਬ ਨੇ ਸ਼ਾਸਤਰੀ ਸੰਗੀਤ ਦੇ ਗਾਇਨ ਅਤੇ ਵਾਦਨ ਦੀ ਸਿਖਿਆ ਸ੍ਰੀ ਨਿਤਯਾ ਨੰਦ ਚੋਪੜਾ, ਸ੍ਰੀ ਐਨ.ਐਨ.ਘੋਸ਼, ਉਸਤਾਦ ਬਾਸੂ ਖ਼ਾਂ ਅਤੇ ਪੰਡਤ ਵਿਸ਼ਨੂ ਦਿਗੰਬਰ ਪਲੁਸਕਰ ਦੇ ਸ਼ਿਸ਼ ਪੰਡਤ ਐਲ.ਡੀ.ਭਾਗਵਤ ਤੋਂ ਪ੍ਰਾਪਤ ਕੀਤੀ।

ਆਪ ਨੇ ਲਗਭਗ 30 ਸਾਲ ਪੰਜਾਬ ਦੇ ਕਾਲਜਾਂ ਵਿਚ ਵਿਦਿਆਰਥੀਆਂ ਨੂੰ ਸੰਗੀਤ ਸਿਖਿਆ ਦਿਤੀ। ਆਪ ਕਈ ਸਾਲ ਸਰਕਾਰੀ ਕਾਲਜ ਪਟਿਆਲਾ (ਲੜਕੀਆਂ) ਦੇ ਪੋਸਟ ਗਰੈਜੁਏਟ ਸੰਗੀਤ ਵਿਭਾਗ ਦੇ ਮੁਖੀ ਰਹੇ। ਆਪ ਆਪਣੇ ਵਿਦਿਆਰਥੀਆਂ ਨੂੰ ਬੜੇ ਪਿਆਰ, ਸਬਰ ਅਤੇ ਸੰਤੋਖ ਨਾਲ ਸੰਗੀਤਕ ਸਿਖਿਆ ਦਿੰਦੇ ਸਨ। ਆਪ ਦੇ ਵਿਦਿਆਰਥੀਆਂ ਵਿਚ ਕਈ ਵਾਰ ਨਿੱਕੇ ਨਿੱਕੇ ਬਾਲਾਂ ਤੋਂ ਲੈ ਕੇ ਪ੍ਰੋੜ ਸੰਗੀਤਕਾਰ ਆਪ ਜੀ ਦੇ ਸ਼ਿਸ਼ ਰਹੇ।

ਆਪ ਜੀ ਦੀ ਸ਼ਿਸ਼ ਮੰਡਲੀ ਵਿਚੋਂ ਕੁਝ ਪ੍ਰਮੁੱਖ ਸ਼ਿਸ਼ਾਂ ਦੇ ਨਾਮਾਂ ਵਿਚੋਂ *ਡਾ. ਗੁਰਨਾਮ ਸਿੰਘ, ਡਾ. ਬਚਿੱਤਰ ਸਿੰਘ, ਸ੍ਰੀਮਤੀ ਤਰਲੋਚਨ ਕੌਰ, ਸ੍ਰੀਮਤੀ ਹਰਿੰਦਰ ਕੌਰ, ਡਾ. ਨਿਵੇਦਿਤਾ ਸਿੰਘ, ਸ. ਅਲੰਕਾਰ ਸਿੰਘ, ਸ. ਜਬਰਜੰਗ ਸਿੰਘ, ਸ੍ਰੀ ਕੇਸਰ ਨਾਥ, ਸ. ਬਲਜੀਤ ਸਿੰਘ, ਸ. ਪਰਮਜੀਤ ਸਿੰਘ, ਸ੍ਰੀ ਗਮਦੂਰ, ਸ੍ਰੀ ਪਰਮਿੰਦਰ ਗੁਰੀ* ਆਦਿ ਦੇ ਨਾਮ ਵਰਣਨਯੋਗ ਹਨ। ਪੰਜਾਬ ਦੀਆਂ ਯੂਨੀਵਰਸਿਟੀਆਂ, ਕਾਲਜਾਂ ਅਤੇ ਸਕੂਲਾਂ ਵਿਚ ਕਾਰਜਸ਼ੀਲ ਸੰਗੀਤ ਦੇ ਅਧਿਆਪਕਾਂ ਵਿਚੋਂ ਬਹੁਗਿਣਤੀ ਜਾਂ ਉਹਨਾਂ ਦੇ ਵਿਦਿਆਰਥੀ ਰਹੇ ਹਨ ਜਾਂ ਇਹਨਾਂ ਵਿਦਿਆਰਥੀਆਂ ਦੀਆਂ ਅਗਲੇਰੀ ਪੀੜ੍ਹੀਆਂ ਸੰਗੀਤ ਦਾ ਅਧਿਆਪਨ ਕਰਵਾ ਰਹੀਆਂ ਹਨ।

ਪੰਜਾਬ ਵਿਚ ਸੰਗੀਤ ਵਿਸ਼ੇ ਦਾ ਆਰੰਭ ਕਰਨ ਵਿਚ ਬਤੌਰ ਅਧਿਆਪਕ, ਬਤੌਰ ਲੇਖਕ ਆਪ ਦਾ ਬੁਨਿਆਦੀ ਯੋਗਦਾਨ ਰਿਹਾ। ਜਦੋਂ ਆਪ ਨੇ ਸੰਗੀਤ ਅਧਿਆਪਨ ਕਾਰਜ ਦਾ ਆਰੰਭ ਕੀਤਾ ਤਾਂ ਪੰਜਾਬੀ ਵਿਚ ਸੰਗੀਤ ਸਬੰਧੀ ਪੁਸਤਕਾਂ ਦੀ ਬੜੀ ਘਾਟ ਸੀ। ਆਪ ਨੇ ਇਸ ਘਾਟ ਨੂੰ ਪੂਰਾ ਕਰਨ ਲਈ ਸੰਗੀਤ ਸਬੰਧੀ ਜਿਥੇ ਮੌਲਿਕ ਪੁਸਤਕਾਂ ਦੀ ਰਚਨਾ

ਕੀਤੀ, ਉਥੇ ਪ੍ਰਸਿੱਧ ਸੰਗੀਤਕਾਰਾਂ ਦੁਆਰਾ ਰਚਿਤ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਵੀ ਕੀਤਾ। ਸਰਲ ਪੰਜਾਬੀ ਭਾਸ਼ਾ ਵਿਚ ਅਤੇ ਵਿਗਿਆਨਕ ਲੀਹਾਂ ਉਤੇ ਰਚੀਆਂ ਇਹ ਪੁਸਤਕਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਬਹੁਤ ਲਾਹੇਵੰਦ ਹਨ। ਸੰਗੀਤ ਦੇ ਪਾਠਕ੍ਰਮਾਂ ਨਾਲ ਸਬੰਧਤ ਆਪ ਦੀਆਂ ਕੁਝ ਪੁਸਤਕਾਂ ਇਸ ਪ੍ਰਕਾਰ ਹਨ: *ਵਾਦਨ - ਅੱਠਵੀਂ ਸ਼੍ਰੇਣੀ ਲਈ - ਪੰਜਾਬ ਸਕੂਲ ਸਿੱਖਿਆ ਬੋਰਡ, ਵਾਦਨ ਕਲਾ - ਬੀ.ਏ. ਲਈ - ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਿਤਾਰ ਤਰੰਗਣੀ - ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਸੰਗੀਤ ਸ਼ਾਸਤਰ - ਭਾਗ ਪਹਿਲਾ (ਮਹੇਸ਼ ਨਰਾਇਣ ਸਕਸੇਨਾ) ਅਨੁਵਾਦ ਪੰਜਾਬੀ ਯੂਨੀਵਰਸਿਟੀ, ਸੰਗੀਤ ਸ਼ਾਸਤਰ - ਭਾਗ ਦੂਜਾ (ਮਹੇਸ਼ ਨਰਾਇਣ ਸਕਸੇਨਾ) ਅਨੁਵਾਦ ਪੰਜਾਬੀ ਯੂਨੀਵਰਸਿਟੀ, ਪੰਜਾਬ ਦੇ ਪ੍ਰਸਿੱਧ ਸੰਗੀਤਕਾਰ - ਭਾਸ਼ਾ ਵਿਭਾਗ, ਪੰਜਾਬ, ਰਵਾਇਤੀ ਅਤੇ ਆਧੁਨਿਕ ਸੰਗੀਤ ਸਾਜ਼, ਭਾਸ਼ਾ ਵਿਭਾਗ ਪੰਜਾਬ।*

ਆਪ ਨੇ ਪੰਜਾਬ ਦੀ ਸੰਗੀਤ ਪਰੰਪਰਾ ਵਿਚ ਗਾਇਨ ਅਤੇ ਵਾਦਨ ਦੀਆਂ ਲਗਭਗ 5000 ਮੌਲਿਕ ਬੰਦਸ਼ਾਂ ਦੀ ਰਚਨਾ ਕੀਤੀ ਹੈ। ਇਸ ਵਿਸ਼ਾਲ ਸੰਖਿਆ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਦੀਆਂ, ਦਸਮ ਗ੍ਰੰਥ ਦੀਆਂ, ਸ਼ਾਸਤਰੀ ਗਾਇਨ ਦੀਆਂ ਅਤੇ ਵਾਦਨ ਸੰਗੀਤ ਦੀਆਂ ਬੰਦਸ਼ਾਂ ਸ਼ਾਮਲ ਹਨ। ਭਾਰਤੀ ਸ਼ਾਸਤਰੀ ਸੰਗੀਤ ਦੇ ਗਾਇਕਾਂ ਦੀਆਂ ਬੰਦਸ਼ਾਂ ਦੇ ਬੋਲਾਂ ਦਾ ਅਧਿਐਨ ਕਰਦਿਆਂ ਆਪ ਨੇ ਮਹਿਸੂਸ ਕੀਤਾ ਕਿ ਇਨ੍ਹਾਂ ਬੰਦਸ਼ਾਂ ਦਾ ਰਾਗਾਤਮਕ ਸਰੂਪ ਭਾਵੇਂ ਉਤਮ ਹੈ ਪਰ ਇਨ੍ਹਾਂ ਦੇ ਕਈ ਬੋਲ ਸਮਝ ਤੋਂ ਬਾਹਰੇ ਹਨ। ਇਸ ਲਈ ਆਪ ਨੇ ਉਨ੍ਹਾਂ ਬੋਲਾਂ ਨੂੰ ਪ੍ਰਮਾਣਿਕ ਰੂਪ ਦੇਣ ਦਾ ਯਤਨ ਵੀ ਕੀਤਾ। ਉੱਤਰ ਭਾਰਤੀ ਸੰਗੀਤਕਾਰਾਂ ਵਲੋਂ ਗਾਇਨ ਕੀਤੇ ਜਾ ਰਹੇ ਖਿਆਲਾਂ ਅਤੇ ਟੱਪਿਆਂ ਦਾ ਅਧਿਐਨ ਕਰਕੇ ਉਨ੍ਹਾਂ ਦੇ ਪੰਜਾਬੀ ਸਰੂਪ ਨੂੰ ਸੰਭਾਲਿਆ ਅਤੇ ਹਿੰਦੁਸਤਾਨੀ ਸੰਗੀਤ ਵਿਚ ਪੰਜਾਬ ਦੀ ਸੰਗੀਤ ਦੀ ਅਹਿਮ ਭੂਮਿਕਾ ਨੂੰ ਪ੍ਰਕਾਸ਼ਿਤ ਕੀਤਾ। ਸੰਗੀਤ ਦੇ ਰਾਗਾਤਮਕ ਗਾਇਨ ਹਿਤ ਆਪ ਨੇ ਅਨੇਕ ਮੌਲਿਕ ਬੰਦਸ਼ਾਂ ਦੀ ਰਚਨਾ ਵੀ ਕੀਤੀ। ਇਹਨਾਂ ਬੰਦਸ਼ਾਂ ਵਿਚ ਧਰੁਪਦ, ਧਮਾਰ, ਵਿਲੰਬਿਤ ਅਤੇ ਦਰੁਤ ਖਿਆਲ, ਚਤੁਰੰਗ, ਤਰਾਨਾ ਅਤੇ ਤਿਰਵਟ ਸ਼ੈਲੀਆਂ ਸ਼ਾਮਲ ਹਨ। ਨਾਲ ਹੀ ਠੁਮਰੀ ਦੀਆਂ ਵੀ ਕੁਝ ਬੰਦਸ਼ਾਂ ਆਪ ਨੇ ਰਚੀਆਂ। ਰਚੀਆਂ ਗਈਆਂ ਬੰਦਸ਼ਾਂ ਵਿਚ ਗਾਇਨ ਸ਼ੈਲੀਆਂ ਦੀ ਇਹ ਵਿਵਿਧਤਾ ਅਤੇ ਇਹਨਾਂ ਦੀ ਸੁੰਦਰਤਾ ਆਪ ਦੀ ਕਲਾ ਕੌਸ਼ਲਤਾ ਦਾ ਪਰਮਾਣ ਹਨ। ਇਹ ਬੰਦਸ਼ਾਂ ਕਾਵਿਕ ਪਖੋਂ ਵੀ ਉੱਚ ਪਾਇ ਦੀਆਂ ਹਨ। **ਭਾਰਤੀ ਸੰਗੀਤ ਦੇ ਖੇਤਰ ਵਿਚ ਆਪ ਦੇ ਯੋਗਦਾਨ ਤੋਂ ਪ੍ਰਭਾਵਿਤ ਹੋ ਕੇ ਪ੍ਰਸਿੱਧ ਸੰਗੀਤਕਾਰ ਸ੍ਰੀ ਨਾਰਾਇਣ ਰਾਓ ਵਿਆਸ ਕਿਹਾ ਕਰਦੇ ਸਨ, *"ਪ੍ਰੋ. ਸਾਹਿਬ ਸੰਗੀਤ ਜਗਤ ਕੇ ਪ੍ਰਸਿੱਧ ਅਚਾਰੀਆ ਹੈਂ, ਮੈਂ ਇਨਕੋ ਸੰਗੀਤ ਪਰ ਅਥਾਰਟੀ ਮਾਨਤਾ ਹੂੰ, ਭਾਰਤੀ ਸੰਗੀਤ ਔਰ ਗੁਰਬਾਣੀ ਸੰਗੀਤ ਪਰ ਆਪਨੇ ਬਹੁਤ ਲਾਜਵਾਬ ਔਰ ਮੌਲਿਕ ਕਾਮ ਕੀਆ ਹੈ। ਹਮ ਸਭਕੋ ਇਨਕੇ ਉਪਰ ਅਬ ਭੀ ਬਹੁਤ ਸੀ ਆਸਾਏਂ ਹੈਂ।"***

ਅੱਜ ਗੁਰਮਤਿ ਸੰਗੀਤ ਜਿਨ੍ਹਾਂ ਬੁਲੰਦੀਆਂ ਨੂੰ ਛੂਹ ਰਿਹਾ ਹੈ, ਉਸ ਵਿਚ ਪ੍ਰੋਫੈਸਰ ਤਾਰਾ ਸਿੰਘ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਗੁਰਮਤਿ ਸੰਗੀਤ ਨੂੰ ਅਕਾਦਮਿਕ ਪੱਧਰ ਦੇ ਯੋਗ ਬਣਾਉਣ ਦਾ ਆਰੰਭ ਪ੍ਰੋਫੈਸਰ ਸਾਹਿਬ ਦੀਆਂ ਲਿਖਤਾਂ ਅਤੇ ਆਪਣੇ ਵਿਦਿਆਰਥੀਆਂ ਨੂੰ ਦਿੱਤੀ ਗੁਰਮਤਿ ਸੰਗੀਤ ਸਿਖਲਾਈ ਨਾਲ ਹੀ ਹੋਇਆ। ਆਪ ਨੇ ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸਤਰੀ ਸੰਗੀਤ ਦਾ ਤੁਲਨਾਤਮਕ ਅਧਿਐਨ ਕਰਕੇ ਗੁਰਮਤਿ ਸੰਗੀਤ ਦੇ ਵਿਲੱਖਣ ਮੁਹਾਂਦਰੇ ਨੂੰ ਉਜਾਗਰ ਕੀਤਾ। ਇਸ ਦੇ ਨਾਲ-ਨਾਲ ਆਪ ਨੇ ਅਕਾਦਮਿਕ ਪੱਧਰ ਉਤੇ ਕੰਮ ਆਉਣ ਵਾਲੇ ਸਾਹਿਤ ਦੀ ਸਿਰਜਨਾ ਕੀਤੀ। ਗੁਰਮਤਿ ਸੰਗੀਤ ਦੇ ਸਿਧਾਂਤ ਨੂੰ ਕਿਰਿਆਤਮਕ ਰੂਪ ਵਿਚ ਵਿਦਿਆਰਥੀਆਂ ਨੂੰ ਸਿਖਾਇਆ ਅਤੇ

ਇਸ ਨੂੰ ਸਫਲ ਢੰਗ ਨਾਲ ਪ੍ਰਦਰਸ਼ਤ ਤੇ ਪ੍ਰਚਾਰਿਤ ਵੀ ਕੀਤਾ।

ਪ੍ਰੋਫੈਸਰ ਸਾਹਿਬ ਦੇ ਸਮੇਂ ਦੇ ਬਹੁਤੇ ਸੰਗੀਤ ਵਿਦਵਾਨ ਗੁਰਮਤਿ ਸੰਗੀਤ ਦੀ ਪਰੰਪਰਾ ਦੀ ਮੌਲਿਕਤਾ ਨੂੰ ਸਥਾਪਤ ਕਰਨ ਦੀ ਬਜਾਇ ਇਸ ਨੂੰ ਹਿੰਦੁਸਤਾਨੀ ਸੰਗੀਤ ਵਿਚ ਹੀ ਸੰਮਲਿਤ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹਨ। ਇਸ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਰਾਗ ਪਰੰਪਰਾ ਨੂੰ ਦ੍ਰਿੜਤਾ ਨਾਲ ਨਹੀਂ ਪ੍ਰਚਲਿਤ ਕੀਤਾ ਜਾ ਸਕਿਆ। ਪ੍ਰੋ. ਤਾਰਾ ਸਿੰਘ ਨੇ ਪਹਿਲੀ ਵਾਰ ਗੁਰਮਤਿ ਸੰਗੀਤ ਦਾ ਡੂੰਘਾ ਅਧਿਐਨ ਕਰਕੇ ਇਸ ਦੇ ਮੌਲਿਕ ਨਿਯਮਾਂ ਨੂੰ ਉਜਾਗਰ ਕੀਤਾ।

ਪ੍ਰੋਫੈਸਰ ਤਾਰਾ ਸਿੰਘ ਜੀ ਗੁਰਮਤਿ ਸੰਗੀਤ ਨੂੰ ਇਕ ਵਿਲੱਖਣ ਸੰਗੀਤ ਪੱਧਤੀ ਮੰਨਦੇ ਸਨ। ਇਸ ਸਬੰਧੀ ਆਪ ਨੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਡੂੰਘਾ ਅਧਿਐਨ ਕੀਤਾ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਭਾਰਤੀ ਸੰਗੀਤ ਦੀ ਮੱਧਕਾਲੀਨ ਪਰੰਪਰਾ ਦਾ ਵੀ ਵਿਸ਼ੇਸ਼ ਅਧਿਐਨ ਕਰਕੇ ਗੁਰਮਤਿ ਸੰਗੀਤ ਨੂੰ ਇਕ ਮੌਲਿਕ ਵਿਧਾ ਵਜੋਂ ਸਥਾਪਿਤ ਕਰਨ ਦਾ ਯਤਨ ਕੀਤਾ।ਆਪ ਨੇ ਆਪਣੀਆਂ ਪੁਸਤਕਾਂ ਵਿਚ ਸੁਰਲਿਪੀਆਂ ਤਿਆਰ ਕਰਨ ਸਮੇਂ ਗੁਰਮਤਿ ਸੰਗੀਤ ਦੇ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਅਪਨਾਉਣ ਦੀ ਕੋਸ਼ਿਸ਼ ਕੀਤੀ।

ਆਪ ਨੇ ਗੁਰਮਤਿ ਸੰਗੀਤ ਦੇ ਸਿਧਾਂਤਾਂ ਅਨੁਸਾਰ ਹੇਠ ਲਿਖੀਆਂ ਪੁਸਤਕਾਂ ਦੀ ਰਚਨਾ ਕੀਤੀ–

*ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਗੁਰੂ ਨਾਨਕ ਦੇਵ ਰਾਗ ਰਤਨਾਵਲੀ, ਗੁਰੂ ਅੰਗਦ ਦੇਵ ਰਾਗ ਰਤਨਾਵਲੀ, ਗੁਰੂ ਅਮਰਦਾਸ ਰਾਗ ਰਤਨਾਵਲੀ, ਗੁਰੂ ਰਾਮਦਾਸ ਰਾਗ ਰਤਨਾਵਲੀ, ਗੁਰੂ ਅਰਜਨ ਰਾਗ ਰਤਨਾਵਲੀ, ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ, ਭਗਤ ਰਾਗ ਰਤਨਾਵਲੀ, ਨਾਮਦੇਵ ਰਾਗ ਰਤਨਾਵਲੀ, ਰਵਿਦਾਸ ਰਾਗ ਰਤਨਾਵਲੀ, ਕਬੀਰ ਰਾਗ ਰਤਨਾਵਲੀ, ਪੜਤਾਲ ਗਾਇਕੀ* ਆਦਿ।

ਪ੍ਰੋਫੈਸਰ ਸਾਹਿਬ ਨੇ ਇਨ੍ਹਾਂ ਸਿਧਾਤਾਂ ਨੂੰ ਕੇਵਲ ਪੁਸਤਕਾਂ ਵਿਚ ਹੀ ਵਰਣਿਤ ਨਹੀਂ ਕੀਤਾ ਸਗੋਂ ਵਿਹਾਰਕ ਪੱਧਰ 'ਤੇ ਆਪਣੇ ਵਿਦਿਆਰਥੀਆਂ ਨੂੰ ਸਿਖਲਾਈ ਦੇ ਕੇ ਗੁਰਮਤਿ ਸੰਗੀਤ ਦੇ ਟਕਸਾਲੀ ਸਰੂਪ ਨੂੰ ਸਟੇਜਾਂ ਉਤੇ ਵੀ ਸਫਲਤਾ ਪੂਰਵਕ ਪ੍ਰਦਸ਼ਿਤ ਕੀਤਾ। ਗੁਰਮਤਿ ਸੰਗੀਤ ਦੀ ਅਕਾਦਮਿਕ ਪੱਧਰ ਉਤੇ ਸਥਾਪਨਾ ਹੋਣਾ ਪ੍ਰੋਫੈਸਰ ਤਾਰਾ ਸਿੰਘ ਹੋਰਾਂ ਦੁਆਰਾ ਉਲੀਕੇ ਇਕ ਨਕਸ਼ੇ ਦੇ ਆਧਾਰ ਤੇ ਇਕ ਇਮਾਰਤ ਦੇ ਉਸਰਣ ਵਾਂਗ ਹੈ। ਅੱਜ ਗੁਰਮਤਿ ਸੰਗੀਤ ਵਿਭਾਗ ਉਨ੍ਹਾਂ ਦੇ ਰਚੇ ਸਾਹਿਤ ਅਤੇ ਉਨ੍ਹਾਂ ਦੀ ਚਲਾਈ ਸਿਖਲਾਈ ਪਰੰਪਰਾ ਤੋਂ ਭਰਪੂਰ ਲਾਭ ਲੈ ਰਿਹਾ ਹੈ।

*422, ਸੈਕਟਰ 15-ਏ, ਚੰਡੀਗੜ੍ਹ*

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਕੀ ਤੁਸੀਂ ਸਿਰ ਦਰਦ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ?

ਜਤਿੰਦਰ ਸਿੰਘ ਪਜਨੀ

- ਮੇਰੀ ਨਨਾਣ ਦੇ ਬੱਚੇ ਤਾਂ ਨਿਰੀ ਸਿਰ ਦਰਦ ਨੇ।

- ਅੱਜ ਕਲ੍ਹ ਨੌਕਰੀ ਕਰਨੀ, ਸਿਰ ਦਰਦੀ ਸਹੇੜਨੀ ਹੈ।

- ਮੇਰੇ ਸਿਰ ਦਰਦ ਦਾ ਕਾਰਨ ਤਾਂ ਇਨ੍ਹਾਂ (ਪਤੀ) ਦਾ ਸ਼ਰਾਬ ਦੇ ਨਸ਼ੇ 'ਚ ਮੈਨੂੰ ਤੇ ਮੇਰੇ ਘਰ ਵਾਲਿਆਂ ਨੂੰ ਗੰਦੀਆਂ ਗਾਲ੍ਹਾਂ ਕੱਢਣਾ ਹੈ।

ਸਿੰਗਾਪੁਰ ਵਿਚ ਪੀਸ ਮਾਰਕਿਟ ਦੇ ਨੇੜੇ ਇਕ ਧਾਰਮਿਕ ਸਭਾ ਨਾਂ ਦਾ ਗੁਰਦੁਆਰਾ ਹੈ। ਇਕ ਨਿਤਨੇਮੀ ਔਰਤ ਨੇ ਮੈਨੂੰ ਆਪਣੇ ਘਰ ਨਾਸ਼ਤੇ 'ਤੇ ਆਉਣ ਲਈ ਦਾਅਵਤ ਦਿੱਤੀ। ਕਾਉਂਸਲਿੰਗ ਕਰਦਿਆਂ ਮੈਂ ਉਸ ਔਰਤ ਦੀ ਨਬਜ਼ ਦੇਖੀ-ਦਿਲ ਦੀ ਧੜਕਨ ਕਾਫੀ ਤੇਜ਼ ਸੀ। ਉਹ ਵਾਰ ਵਾਰ ਮੈਨੂੰ ਆਪਣੇ ਅੱਧੇ ਸਿਰ ਦਰਦ ਬਾਰੇ ਦੱਸ ਰਹੀ ਸੀ। ਮੈਂ ਉਸਨੂੰ ਦੋਬਾਰਾ ਚੈਕਅਪ ਕੀਤਾ।

- ਭੈਣਜੀ, ਤੁਸੀਂ ਕਿਨੀ ਉਮਰ ਦੇ ਸੀ, ਜਦੋਂ ਤੁਹਾਡੀ ਸ਼ਾਦੀ ਹੋਈ ਸੀ?

- ਸਤਾਰਾਂ ਸਾਲ।

- ਕਿੰਨੇ ਬੱਚੇ ਹਨ?

- ਦੋ, ਇਕ ਲੜਕਾ ਇਕ ਲੜਕੀ।

- ਭੈਣ ਜੀ, ਮੈਨੂੰ ਲੱਗਦੈ, ਤੁਹਾਡੀ ਇਹ ਅੱਧੇ ਸਿਰ ਵਾਲੀ ਦਰਦ 10-15 ਸਾਲ ਤੋਂ ਵੀ ਜ਼ਿਆਦਾ ਤੋਂ ਹੈ। ਜਾਂ ਹੋ ਸਕਦੈ, ਇਸ ਤੋਂ ਵੀ ਕਾਫ਼ੀ ਜ਼ਿਆਦਾ ਸਮਾਂ ਹੋ ਚੁੱਕਿਆ ਹੋਵੇ?

- ਡਾਕਟਰ ਸਾਬ੍ਹ, 36-37 ਸਾਲ ਹੋ ਗਏ ਨੇ।

- ਇਹ ਜੋ ਆਦਮੀ ਬਾਹਰ ਲੇਟਿਆ ਹੋਇਐ, ਕੌਣ ਹੈ?

- ਇਹੋ ਮੇਰਾ ਪਤੀ ਹੈ, ਮੇਰੀ ਸਿਰ ਦਰਦ ਦਾ ਅਸਲ ਕਾਰਨ। ਇਹ ਉਮਰ ਵਿਚ ਮੇਰੇ ਤੋਂ 20-22 ਸਾਲ ਵੱਡੈ ... ਮੈਂ ਜਵਾਨੀ ਦੇ 24-25 ਸਾਲ ਦੀ ਸੀ ਤੇ ਇਹ ਬੁਢਾਪੇ ਦੇ ਕਾਰਨ ਹੌਂਕਣ ਲੱਗ ਪਿਆ ਸੀ।

ਇਕ ਸਵੇਰ, ਇੰਜਨੀਅਰਿੰਗ ਕਰਦੀਆਂ ਚਾਰ ਕੁੜੀਆਂ ਦਾ ਮੈਨੂੰ ਗਰੁੱਪ ਮਿਲਿਆ :

- ਸਰ, ਇਸ ਚਾਰ ਸਾਲ ਦੀ ਕੈਦ ਵਿਚ ਅਸੀਂ ਆਪਣੀ ਮਰਜ਼ੀ ਨਾਲ ਕੁਝ ਪਲ ਆਰਾਮ ਨਾਲ ਨਹੀਂ ਬਿਤਾ ਸਕਦੇ ... ਉਪਰੋਂ ਵੇਖਣ ਨੂੰ ਅਸੀਂ ਸਾਰੀਆਂ ਸਿਹਤ ਪੱਖੋਂ ਫਿਟ ਲਗਦੀਆਂ ਹਾਂ, ਪਰ 97% ਦਾ ਅਕਸਰ ਸਿਰ ਦੁਖਦਾ ਰਹਿੰਦੈ।

ਕਈ ਕਹਿੰਦੇ ਹਨ, ਸਿਰ ਦਰਦ/ਮਾਈਗ੍ਰੇਨ ਵੀ ਕੋਈ ਬਿਮਾਰੀ ਹੈ। ਕਾਲੀ ਮਿਰਚ ਵਾਲੀ ਚਾਹ ਪੀ ਲਓ, ਸਿਰ ਦਰਦ ਠੀਕ ਹੋ ਜਾਂਦਾ ਹੈ....। ਜਿੰਨੇ ਮੂੰਹ ਉਨੀਆਂ ਗੱਲਾਂ। ਮੈਡੀਕਲੀ, ਸਿਰ ਦਰਦ ਕਈ ਪ੍ਰਕਾਰ ਦਾ ਹੁੰਦਾ ਹੈ ਤੇ ਲੱਛਣ ਵੀ ਅਲੱਗ ਅਲੱਗ ਹੁੰਦੇ ਹਨ। ਮੋਟੇ ਤੌਰ 'ਤੇ ਜਾਂ ਤਾਂ ਪੂਰੇ ਸਿਰ 'ਚ ਦਰਦ ਹੁੰਦਾ ਹੈ ਜਾਂ ਅੱਧਾ ਸਿਰ ਦੁਖਦਾ ਹੈ, ਜਾਂ ਪੁੜਪੁੜੀਆਂ ਵਿਚ ਐਂਲਾਂ ਪੈਂਦੀਆਂ ਹਨ। ਅੱਧਾ ਸਿਰ ਦਰਦ (ਮਾਈਗ੍ਰੇਨ) ਦੀ ਸ਼ਿਕਾਇਤ ਅਕਸਰ ਔਰਤਾਂ ਨੂੰ ਹੀ ਰਹਿੰਦੀ ਹੈ। ਪਿਛਲੇ 17 ਸਾਲਾਂ ਦੌਰਾਨ ਬਹੁਤ ਸਾਰੇ ਮਰੀਜ਼ਾਂ ਨੇ ਆਪਣੇ ਵਿਚਾਰ ਮੇਰੇ ਨਾਲ ਇੰਝ ਸਾਂਝੇ ਕੀਤੇ ਹਨ :

- ਮੈਂ ਹਲਕੇ ਤੋਂ ਹਲਕੇ ਸ਼ੋਰ ਸ਼ਰਾਬੇ ਨੂੰ ਬਰਦਾਸਤ ਨਹੀਂ ਕਰ ਸਕਦੀ... ਇਥੋਂ ਤੱਕ ਕਿ ਤੇਜ਼ ਰੌਸ਼ਨੀ ਵੀ ਨਹੀਂ ਝੱਲੀ ਜਾਂਦੀ।

- ਛੋਟੇ ਬੱਚਿਆਂ ਦਾ ਆਪਸ ਵਿਚ ਕਿਸੇ ਗੱਲ 'ਤੇ ਬਹਿਸ ਕਰਨਾ ਮੈਨੂੰ ਇੰਝ ਲੱਗਦੈ, ਜਿਵੇਂ ਉਹ ਸਾਰੇ ਰਲ ਕੇ ਮੇਰੇ ਸਿਰ ਵਿਚ ਇੱਟਾਂ ਪੱਥਰ ਮਾਰ ਰਹੇ ਹੋਣ।

- ਜਦੋਂ ਮੈਂ ਘਰ ਵਿਚ ਇਕੱਲੀ ਹੁੰਦੀ ਹਾਂ ਤਾਂ ਰਸੀਵਰ ਟੈਲੀਫੋਨ ਦੇ ਸੈਟ ਤੋਂ ਚੁੱਕ ਕੇ ਪਰ੍ਹੇ ਰੱਖ ਦਿੰਦੀ ਹਾਂ।

- ਕਈ ਵਾਰ ਤਾਂ ਸ਼ੀਲਾ (ਨੌਕਰਾਨੀ) ਦਾ ਘਰ ਵਿਚ ਪਈਆਂ ਚੀਜ਼ਾਂ ਦੀ ਝਾੜਨ ਆਦਿ ਕਰਨਾ ਵੀ ਉੱਕਾ ਬਰਦਾਸ਼ਤ ਨਹੀਂ ਹੁੰਦਾ।

- ਮੈਂ ਪੂਰੀ ਕੋਸ਼ਿਸ਼ ਕਰਦੀ ਹਾਂ ਘਰ ਵਿਚ ਇਕੱਲੀ ਨਾ ਰਹਾਂ ਕਿਉਂਕਿ ਮੇਰੇ ਉਸ ਇਕੱਲੇਪੁਣੇ ਵਿਚ ਪਤਾ ਨਹੀਂ ਕਿਥੋਂ ਗਾਵਾਂ ਦਾ ਇੱਜੜ ਮੇਰੇ ਉਪਰ ਚੜ੍ਹ ਆਉਂਦੈ ...। ਮੈਂ ਸਾਹੋ ਸਾਹ ਹੋਈ ਏਧਰ ਉਧਰ ਭੱਜਦੀ ਹਾਂ।

- ਜਦੋਂ ਸਾਰੇ ਘਰੋਂ ਚਲੇ ਜਾਂਦੇ ਹਨ ਤਾਂ ਮੈਨੂੰ ਲੱਗਦੈ, ਮੇਰੀ ਗਲੇ 'ਚ ਪਈ ਚੇਨੀ ਮੇਰਾ ਗਲ ਘੁੱਟਣ ਲੱਗ ਜਾਂਦੀ ਹੈ ਤੇ ਮੈਂ ਪਸੀਨੋ ਪਸੀਨੀ ਹੋ ਕੇ ਉੱਚੀ ਉੱਚੀ ਬੋਲਣਾ ਸ਼ੁਰੂ ਕਰ ਦਿੰਦੀ ਹਾਂ, ਬਚਾਓ... ਬਚਾਓ...।

- ਹਰ ਸੋਮਵਾਰ ਦੀ ਰਾਤ ਨੂੰ ਮੈਂ ਪੂਰੀ ਕੋਸ਼ਿਸ਼ ਕਰਦੀ ਹਾਂ ਕਿ ਮੈਂ ਇਕ ਸੈਕਿੰਡ ਲਈ ਵੀ ਨਾ ਸੌਵਾਂ ਪਰ ਉਸ ਰਾਤ ਮੇਰੇ

ਨਾਲ ਚਾਹੁੰਦੇ ਹੋਏ ਵੀ ਮੈਨੂੰ ਨੀਂਦ ਜਲਦੀ ਘੇਰ ਲੈਂਦੀ ਹੈ। ਲਗਭਗ ਦਸ ਸਾਲਾਂ ਤੋਂ ਉਸ ਨੀਂਦ ਦੌਰਾਨ ਕਈ ਫਨੀਅਰ ਆਪਣਾ ਫਨ ਖਿਲਾਰੀ ਮੇਰੇ ਅੱਗੇ ਪਿੱਛੇ ਫਿਰਦੇ ਰਹਿੰਦੇ ਹਨ।

ਇਸੇ ਤਰ੍ਹਾਂ ਵਿਦੇਸ਼ਾਂ ਵਿਚ ਵਸਦੀਆਂ ਦੇਸੀ ਅਤੇ ਗੋਰੀ ਨਸਲ ਦੀਆਂ ਔਰਤਾਂ ਨੇ ਵੀ ਆਪਣੇ ਸਿਰ ਦਰਦ ਜਾਂ ਮਾਈਗ੍ਰੇਨ ਬਾਰੇ ਮੇਰੇ ਨਾਲ ਕਾਉਂਸਲਿੰਗ ਦੌਰਾਨ ਇਹੋ ਜਿਹੀਆਂ ਗੱਲਾਂ ਕੀਤੀਆਂ ਹਨ ਕਿ ਜੇ ਮੈਂ ਦੱਸਾਂ ਤਾਂ ਸ਼ਾਇਦ ਹੀ ਕਿਸੇ ਪਾਠਕ ਨੂੰ ਯਕੀਨ ਆਵੇਗਾ। ਇਕ ਸਮਾਂ ਸੀ ਜਦੋਂ ਸਿਰ ਦਰਦ ਦੇ ਸਹੀ ਅਤੇ ਸਾਇੰਟੀਫਿਕ ਇਲਾਜ ਲਈ ਕੋਈ ਵੀ ਅਲੱਗ ਕਲਿਨਿਕ ਜਾਂ ਹਸਪਤਾਲ ਨਹੀਂ ਸੀ ਅਤੇ ਨਾ ਹੀ ਐਸਾ ਕੋਈ ਸਪੈਸ਼ਲਿਸਟ ਡਾਕਟਰ ਹੁੰਦਾ ਸੀ, ਜੋ ਸਿਰਫ਼ ਸਿਰ ਦਰਦ ਜਾਂ ਮਾਈਗ੍ਰੇਨ ਦਾ ਪੂਰਾ ਇਲਾਜ ਕਰ ਸਕੇ।

ਅਮਰੀਕਾ ਵਿਚ ਪਹਿਲੀ ਵਾਰ ਅਜਿਹਾ ਹੈਡੇਕ ਕਲੀਨਿਕ ਮੇਸੇਚਿਊਏਟਸ ਜਨਰਲ ਹਸਪਤਾਲ ਸੰਨ 1930 ਵਿਚ ਖੋਲ੍ਹਿਆ ਗਿਆ। ਡਾਕਟਰ ਡੈਨੇਟ ਆਦਮਸ ਹਫ਼ਤੇ ਵਿਚ ਸਿਰਫ਼ ਇਕ ਵਾਰ ਸਿਰ ਦਰਦ ਦੇ ਮਰੀਜਾਂ ਨੂੰ ਚੈਕਅਪ ਕਰਦਾ ਸੀ। ਲਗਭਗ ਸੰਨ 1950 ਦੌਰਾਨ ਬ੍ਰਿਟੇਨ ਸਰਦਾਰ ਦਾ ਵੀ ਇਸ ਗੱਲ ਧਿਆਨ ਗਿਆ। ਫਿਰ ਬ੍ਰਿਟੇਨ ਨੇ 1958 ਵਿਚ 'ਅਮਰੀਕਨ ਐਸੋਸੀਏਸ਼ਨ ਫਾਰ ਦਾ ਸਟੱਡੀ ਆਫ ਹੈਡੇਕ' ਦੀ ਸਥਾਪਣਾ ਕੀਤੀ। ਹੁਣ ਇਹ ਸਹੂਲਤ ਭਾਰਤ ਦੇ ਕਈ ਵੱਡੀ ਹਸਪਤਾਲਾਂ ਵਿਚ ਮੌਜੂਦ ਹੈ। ਹੁਣ ਮੈਡੀਕਲ ਚਕਿਤਸਾ ਵਿਚ ਬਹੁਤ ਸਾਰੀਆਂ ਦਵਾਈਆਂ ਹਨ, ਜਿਨ੍ਹਾਂ ਦੀ ਵਰਤੋਂ ਕਰਨ ਨਾਲ 70% ਸਿਰ ਦਰਦ ਤੇ ਮਾਈਗ੍ਰੇਨ ਨੂੰ ਉਸੇ ਵੇਲੇ ਆਰਾਮ ਮਿਲ ਸਕਦਾ ਹੈ।

**ਕਾਰਨ** : ਹਰ ਮਰੀਜ ਦੇ ਸਿਰ ਦਰਦ ਦੇ ਕਾਰਨ ਅਲੱਗ ਅਲੱਗ ਹੁੰਦੇ ਹਨ। ਪਰ ਫਿਰ ਵੀ ਕੁਝ ਆਮ ਕਾਰਨ ਹਨ, ਜਿਵੇਂ ਕਿ ਬੱਚਿਆਂ 'ਤੇ ਪੜ੍ਹਾਈ ਦਾ ਬੋਝ। ਜਵਾਨ ਜਹਾਨ ਲੜਕੀਆਂ ਨੂੰ ਆਪਣਾ ਰਾਈਟ ਬੁਆਇ ਫਰੈਂਡ ਦਾ ਨਾ ਮਿਲਣਾ। ਇਕ ਬੱਚੇ ਤੋਂ ਦੂਜੇ ਬੱਚੇ ਦੇ ਜਨਮ ਸਮੇਂ ਦਾ ਅੰਤਰ ਘੱਟ ਹੋਣਾ। ਜਦੋਂ ਔਰਤ ਨੂੰ ਘਰ ਤੇ ਬਾਹਰ ਦੋਵੇਂ ਥਾਵਾਂ ਤੇ ਕੰਮ ਕਰਨਾ ਪੈਂਦਾ ਹੈ। ਜਦੋਂ ਕੋਈ ਕਿਸੇ ਗੱਲੋਂ ਉਦਾਸ ਹੋ ਕੇ ਆਪਣੇ ਮੱਥੇ ਨੂੰ ਪਕੜੀ ਬੈਠਾ ਰਹਿੰਦਾ। ਜਦੋਂ ਕੋਈ ਮਨੁੱਖ ਆਪਣੇ ਪਿਆਰੇ, ਦੇ ਵਿਛੋੜੇ ਕਾਰਨ ਜ਼ਿੰਦਗੀ ਤੋਂ ਹਾਰਿਆ ਹੋਇਆ ਮਹਿਸੂਸ ਕਰਦਾ ਹੈ, ਜਦੋਂ ਲੱਗੇ, ਰੱਬ ਤੁਹਾਡੀ ਨਹੀਂ ਸੁਣ ਰਿਹਾ। ਅਨੀਂਦਰਾਪਣ, ਗੁੱਸਾ, ਚਿੜਚਿੜਾਪਣ ਆਦਿ ਵੀ ਕਾਰਨ ਹਨ।

**ਸਹੀ ਇਲਾਜ**: 1-ਪੌਜ਼ੀਟਿਵ ਥਿੰਕਿੰਗ ਦੀ ਕਲਾ ਸਿੱਖੋ।

2- ਕ੍ਰੋਧ ਕਰਨਾ ਛੱਡੋ। ਪਿਆਰ ਦੀ ਪਰਿਭਾਸ਼ਾ ਨਾਲ ਜਾਣ ਪਛਾਣ ਵਧਾਓ। ਅਮਲ ਸ਼ੁਰੂ ਕਰੋ।

3- ਰਾਤੀ ਖਾਣਾ ਘੱਟ ਖਾਓ। ਬੈ-ਵਾਈ ਵਾਲੇ ਭੋਜਨ ਤੋਂ ਪਰਹੇਜ਼ ਕਰੋ।

4- ਨੁਕਤਾਚੀਨੀ ਵਿਚ ਵਿਸ਼ਵਾਸ ਨਾ ਰੱਖੋ।

5- ਜੇ ਤੁਸੀਂ ਸਿਰ ਦਰਦ ਦੀਆਂ ਦਵਾਈਆਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ ਤਾਂ ਸਹੀ ਆਰਾਮ ਕਰਨ ਦੀ ਕਲਾ ਸਿੱਖੋ। ਇਸ ਕਲਾ ਦੀਆਂ 10ਪੌੜੀਆਂ ਹਨ। ਬਲੱਡ ਪ੍ਰੈਸ਼ਰ ਵੀ ਕੰਟਰੋਲ ਵਿਚ ਰਹਿੰਦਾ ਹੈ।

6- ਜਿਨ੍ਹਾਂ ਔਰਤਾਂ ਦਾ ਅੱਧਾ ਸਿਰ ਅਕਸਰ ਦੁਖਦਾ ਰਹਿੰਦਾ ਹੋਵੇ, ਉਹ ਟੀ.ਵੀ. ਤੇ ਆ ਰਹੇ ਘਰੇਲੂ ਸੀਰੀਅਲ ਵੇਖਣ ਦੀ ਬਜਾਏ, ਆਪਣੇ ਅੰਦਰ ਕੋਈ ਕਲਾਤਮਕ ਸ਼ੌਕ ਪੈਦਾ ਕਰਨ ਦੀ ਕੋਸ਼ਿਸ਼ ਕਰਨ।

7- ਬਜ਼ੁਰਗ ਮਰਦ ਔਰਤ ਆਪਣੇ ਬੱਚਿਆਂ ਨੂੰ ਕੋਲ ਬਿਠਾ ਕੇ ਆਪਣੀ ਜਵਾਨੀ ਦੇ ਕਿੱਸੇ ਸੁਣਾਉਣ।

8- ਹਫ਼ਤੇ ਵਿਚ ਇਕ ਵਾਰ ਪਰਿਵਾਰ ਦੇ ਮੈਂਬਰਾਂ ਨਾਲ ਬੈਠ ਕੇ ਅੰਤਾਕਸ਼ਰੀ ਖੇਡਣ।

9- ਸਿਰ ਦਰਦ ਜਾਂ ਮਾਈਗ੍ਰੇਨ ਦਾ ਕਾਰਨ ਕੋਈ ਵੀ ਹੋਵੇ, ਦਵਾਈ ਖਾਣ ਤੋਂ ਪਹਿਲਾਂ ਯੋਗ ਮਾਹਿਰ ਦੀ ਸਲਾਹ ਜ਼ਰੂਰ ਲੈ ਲਵੋ। ਕਈ ਵਾਰ ਦਵਾਈ ਉਲਟਾ ਅਸਰ ਕਰਦੀ ਹੈ। ਮਿੰਟਾਂ ਵਿਚ ਹੀ ਅਨਮੋਲ ਜੀਵਨ ...।

10-ਆਪਣੇ ਆਪ ਨਾਲ ਵਾਧੂ ਤੇ ਬੋਲੋੜੇ ਵਿਚਾਰਾਂ ਨਾਲ ਯੁੱਧ ਕਰਨਾ ਜਾਂ ਬਹਿਸ ਕਰਨਾ ਛੱਡੋ ਤੇ ਸਹੀ ਮੈਡੀਟੇਸ਼ਨ ਸਿੱਖਣ ਲਈ ਕਿਸੇ ਨੇਚਰੋਪੈਥਿਕ ਐਕਸਪਰਟ ਦੀ ਸਲਾਹ ਲਵੋ।

**ਇਹ ਵੀ ਜ਼ਰੂਰ ਕਰੋ**: - ਜਿਥੋਂ ਤੱਕ ਹੋ ਸਕੇ, ਚਾਹ, ਕਾਫ਼ੀ ਤੇ ਅਲਕੋਹਲ ਦੀ ਮਾਤਰਾ ਘਟਾ ਕੇ ਦਹੀਂ, ਲੱਸੀ, ਛਾਛ ਨੂੰ ਆਪਣੇ ਭੋਜਨ ਦਾ ਇਕ ਹਿੱਸਾ ਬਣਾਓ। ਸਿਰ ਦਰਦ ਠੀਕ ਕਰਨੀ ਹੈ ਤਾਂ ਛੋਟੀ ਚਾਟੀ ਰਸੋਈ 'ਚ ਰੱਖ ਲਓ।

▲ ਸਲਾਦ ਜਾਂ ਫਰੂਟ ਨੂੰ ਭੋਜਨ ਨਾਲ ਨ ਖਾਓ। ▲ ਖੰਡ, ਮੈਦਾ ਤੇ ਘਿਓ ਆਦਿ ਨੂੰ ਜਿੰਨਾ ਕੁਝ ਘਟਾ ਸਕੋ, ਘਟਾ ਲਵੋ। ▲ ਸਵੇਰੇ, ਸ਼ਾਮ 10-15 ਮਿੰਟ ਸੈਰ ਕਰਦੇ ਹੋਏ ਲੰਮੇ ਲੰਮੇ ਸਾਹ ਲਵੋ। ▲ ਸਵੇਰੇ ਤਿਆਰ ਹੋਣ ਵੇਲੇ, ਸ਼ੀਸ਼ੇ ਸਾਹਮਣੇ ਖੜ੍ਹੇ ਹੋ ਕੇ ਇੰਜ 5-7 ਵਾਰ ਬੋਲੋ : - ਜੇ ਕਿਸੇ ਨੇ ਮੁਸਕੁਰਾਉਣਾ ਸਿੱਖਣਾ ਹੈ ਤਾਂ ਮੇਰੇ ਕੋਲੋਂ ਸਿੱਖੇ।

*2645/1, ਸੈਕਟਰ 37 ਸੀ, ਚੰਡੀਗੜ੍ਹ*
*M. 98726 52645 E-mail : jspajni@yahoo.com*

## International Interfaith Conference on Guru Granth Sahib Adopts Hazur Sahib Declaration

Harbans Lal, PhD

To celebrate Tercentenary of Gurtagaddi, (ordination of Guru Granth Sahib as the Eternal Guru of the Sikhs) an international conference was held at Guru Gobind Singh Institute of Engineering & Technology from September 25th – 28th.

Speakers and scholars from all continents and countries such as USA, Canada, England, India, Pakistan, East Africa, Australia, Dubai, and Europe representing world religions including Hinduism, Islam, Buddhism, Judaism, Christianity, Baha'i and the Sikh Dharam participated. 'They encouraged governments and civil societies to respect scriptures of all traditions', said the conference convenor, Sukhbir Singh of England.

According to Dr. P.S. Pasricha, Chairman of Administrative Committee, Takhat Sachkhand Sri Hazur Sahib, Nanded / Coordinator, Gurtagaddi celebrations, 2008, 'the purpose was to further promote interfaith dialogues, for developing greater insight of religious beliefs, as well as opening the door to the understanding of one's neighbours' religion'.

'It is not an attempt for fusion of religions, but a quest to nurture an appreciation of similarities and to value the differences. Such initiatives will reduce global conflicts and promote peace' said Bhai Sahib Mohinder Singh, Chairman, Guru Nanak Nishkam Sewak Jatha, UK.

'This conference aimed to reach academics, spiritual leaders and civil society as a whole to build bridges in faith communities. To achieve these objectives will be the best tribute to the composers of the Guru Granth's hymns', said American scholar, Dr. Harbans Lal who is President of the Academy of Guru Granth studies.

This international conference was a prelude to a series of celebrations and conferences to be held throughout the world. Sri Hazur Sahib, Nanded will host the major celebrations at the end of October 2008 when Dr Manmohan Singh, the Prime Minister of India is expected to pay a visit to the city. Sikhs hope to reach the world audience about the messages of their Sacred scripture, Sri Guru Granth Sahib through this and similar other conferences.

Singh Sahib Kulwant Singh, Jathedar of Takhat Sri Abchalnagar Hazur Sahib, welcomed the participants. Singh Sahib Giani Gurbachan Singh, Jathedar of Sri

Akal Takhat, told the audience that 'Sri Guru Granth Sahib Ji's message was not for Sikhs alone, but a lighthouse for all humanity.' Jathedar Iqbal Singh of Patna Takhat and former Jathedar of Akal Takhat Giani Joginder Singh Vedanti, also spoke and led prayer meetings.

His Holiness the Dalai Lama while commenting on the conference said that 'religion should be used as basis for friendship, brotherhood and sisterhood. Active dialogue can lead to mutual enrichment of ethics and spiritual practice. We should encourage an increase in contacts among the followers of different religions and visits to each other's places of pilgrimage and prayer.'

The conference also served as a pre-Parliament event for the next Council for the Parliament of the World Religions' international conference to be held in Melbourne, Australia, in December 2009. Dr William Lesher, President of CPWR was the keynote speaker at the Nader confernce.

The four day conference concluded with unanimous adoption of the Hazure Sahib Declaration of the Guiding Principles for Civil Society based upon the Guru Granth philosophy as deliberated by over 50 scholars and religious leaders.

**Sri Hazur Sahib 2008 Declaration of Guiding Principles for Civil Society.**

1. To recognize presence of Divine Light in every living being.

2. To recognize that the earth is created according to God's cosmic blueprint and it is therefore intrinsically good. Nature is our mother, our home, our security, our peace, our past and our future. It is our obligation to treat natural things and habitats as our sacred shrines, to be revered and preserved in all their intricate and fragile beauty.

3. God is the Creator and its creative manifestation extends to all humans. Therefore, all humans are intrinsically creative in partnership with God.

4. It is human destiny to emulate divine attributes; such as Identity with Truth, Fearlessness, Without Animosity, Eternal Personality, beyond the genetic and mimetic imprisonments, and Free Spirit that lives in Gratitude and humility.

5.To experience Divinity in work and service, in art and science, in philosophy and religion, and in the environment and creation.

6. To follow the principles of righteous living by believing in: Human Equality, Human Dignity, Justice, and Human Behaviors that cleanse the Body and the Mind.

7. To build institutions of altruism and sharing in all social infrastructures. Examples are: Guru's Langer or free community kitchen, Institutions like Pingalwara for every unfortunate citizen, Guru Nanak Nishkam Sewak Jatha, UK.

8. To be advocate for those who are most vulnerable in our society.

9. To harness spiritual and moral responsibility to guide politics and

political institutions, and to provide guidelines for leadership of religious organizations.

10. To build a world order without the culture of "mera (mine) tera" (yours) psychology.

The Mayor of the City of Sri Hazur Sahib Nanded, Balwant Singh Gadiwale, invited all speakers and delegates for a reception and introduction to the City. There were evenings of sacred music and folk cultural presentations. The delegates were given a pilgrimage tour of Sikh Holy Shrines, as well as shrines of other religions.

*japji08@yahoo.com*
*6415 Amicable Drive*
*Arlington, Texas 76016, USA*

Phone : (O) 011-23312440

Sawhney Cloth House

46, Shanker Market, Connaught Circus, New Delhi - 110 001

Hot millions ®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

# KIRTAN:
# THE SOULFUL MELODY

Dr.Satish K. Kapoor

Sri Guru Granth Sahib is the living preceptor of the Sikhs.At the same time, it is a holy Scripture for all mankind that embodies the Revealed truth and enshrines the wisdom of the self in an endeavour to experience the divine. Its hymns are soaked in deep spirituality and resonate with such divine intelligence which makes one perceive the noumena behind the phenomena,the eternal behind the ephemeral.In the holy presence of Sri Guru Granth Sahib,the ignorant grow in the wisdom of the spirit and feel the presence of God.The message of Sri Guru Granth Sahib is simple,succinct and practical.The scripture has a unique beauty of form,texture and thought.It keeps one's gaze inward,as one performs the chores of daily life.

To read or recite the hymns of Sri Guru Ganth Sahib with unswerving devotion is to be transported to the realm of spiritual ecstasy.Listening to kirtan, the singing of sacred compositions,to the accompaniment of specified musical instruments,helps in the ascension of the soul to the Supreme Reality.It initiates one into the mystic truth of the word,and bestows many blessings.Guru Arjan Dev says: "Whosoever listens to or sings the kirtan of Hari, no trouble can come near him"(SGGS, Gauri M 5,page 190).It summons the seeker to his original home linking one to the transcendent melody within.

Music is primal emanation of the cosmic energy.It is the easiest way to concentrate the mind on the Divine.The core of music is Nada,which reverberates in all objects in the originative principle of creation and stands for the first cosmic vibration.

Nada manifests through Raga which has the capacity to engage the listener's attention through the use of particular notes and the melody.Nada can fill the human mind with positive Feeling.Sri Guru Granth Sahib,repository of the holy shabds,is set in 31 ragas. The soundbody of shabds,each having a stipulated raga, links one to the music of the spheres. Shabda is infinite energy – the transmutation of the divine sound into verbal evidence. Each passage of Sri Guru Granth Sahib is loaded with energy as it comes from the cosmic source which can be felt and experienced during kirtan.

When the voice of the supreme descends through prophets, saints or holy men, the music of the word becomes the music of the world and acquires rhythmic expression. The verses of Sri Guru

Granth Sahib have a music of their own as these are the divine emanations. Melody,metrical pattern and imagery harmonise in the hymns as do thought, emotion and spirituality.As the divine word blends with devotional music it creates a spiritual ambience which beckons the human soul back to the source of existence.Guru Nanak Dev observes in this context:

Rag rattan paria parvar tisu vichi upajai amritu sar

"The (Divine)music is precious like the jewel,with its family of strains, and through it is produced the essence of thy nectar."

*ਰਾਗ ਰਤਨ ਪਰੀਆ ਪਰਵਾਰ।*
*ਤਿਸੁ ਵਿਚਿ ਉਪਜੈ ਅੰਮ੍ਰਿਤ ਸਾਰ॥*

(SGGS:351)

During kirtan, music does not remain a mechanical structure of sounds but becomes a divine way to grasp the infinite Reality. It reveats the mystery of the Holy Name not through the heart. It checks the ego,the vagaries of the mind and the senses and uplifts the human soul. Says Guru Amar Das:

*ਐਸੀ ਕਿੰਗੁਰੀ ਵਜਾਇ ਜੋਗੀ॥*
*ਜਿਤੁ ਕਿੰਗੁਰੀ ਅਨਹਦੁ ਵਾਜੈ*
*ਹਰਿ ਸਿਉ ਰਹੈ ਲਿਵ ਲਾਇ॥*

(SGGS:908)

" O bard, strike such strains on your string that it emits the celestial melody of the World, and the devotee gets attuned to his God".

-SGGS, Ramkali M 3: Ashtapadis p.908

Kirtan is not a matter of musical modulations of the voice, but of the spirit The notes are so espressed that the mind is tuned to the Supreme spirit. Says Guru Ram Das:

*ਸਭਨਾ ਰਾਗਾਂ ਵਿਚ ਸੋ ਭਲਾ ਭਾਈ*
*ਜਿਤੁ ਵਸਿਆ ਮਨਿ ਆਇ॥*

(SGGS: 1423)

"Of the musical measures, that one is the best through which God Comes into mind."

Kirtan has no loud, insistent beats- it is not sensational or sensual but soothing and sublime, It is pure and simple in its form. Based on the classical ragas it is least dogmatic and employs minimum embellishments lest the devotional rendering overawes the spirit of the hymns or acquires lurid overtones. Sikh musicology prohibits the clapping of hands, thumping of feet or flinging of limbs during the performance. Guru Nanak Dev cautioned against seeking auditory pleasure by frivolous maladies or acts:

*ਗੀਤ ਰਾਗ ਘਨ ਤਾਲ ਸਿ ਕੂਰੇ॥*
*ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ॥*
*ਦੂਜੀ ਦੁਰਮਤਿ ਦਰਦੁ ਨਾ ਜਾਇ॥*
*ਛੂਟੈ ਗੁਰਮੁਖਿ ਦਾਰੂ ਗੁਣ ਗਾਇ॥*

(SGGS: 832)

"All other melodies and rhythmic beats are false,

For, They involve us in the three modes, and one does, removed far from God.

Involved with the other, the pain of Evil leaves not.

It is through the Guru that one is Released, Singing the lord's Praise."

During Kirtan, the mind gets absorbed in sublime thoughts and is cut off from wordly objects. The serener the mind the better its capacity to cope with worry,fear,anxiety, and negative emotions. Kirtan subdues the lower impulses and propensities of the instinctive mind, sharpens the perceptive faculty to discriminate between right and wrong and prepares one to align with the cosmic laws.It permeates one's whole being with divine joy, generates positive energy and has a soothing effect on one's nerves and feelings. Says Guru Arjan Dev:

*ਜੋ ਜੋ ਕਥੈ ਸੁਨੈ ਹਰਿ ਕੀਰਤਨ ਤਾ ਕੀ ਦੁਰਮਤਿ ਨਾਸੁ ॥*
*ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥*

(SGGS:1300)

"He who Hears and Utters the Gospel of God, is rid of his evil nature,And all his wishes are fulfilled: yea, all his hopes are fulfilled."

Kirtan gives one that rare kind of experience which is far more profound than that of the ordinary consciousness.It pulls the soul upward towards the realms of Being where one may hear the unstruck melody and feel the electrical impulse of heavenly strains of the Sound Current.

*Courtesy 'The Sikh Review'*


HELP NEEDY

SHARE THE BLESSINGS

HELP NEEDY

? TO LIVE LONG
LEAD NATURAL LIFE

? TO LIVE MEANINGFUL LIFE
JOIN TEAM HELP NEEDY

? TO LIVE FOR EVER
DONATE

• BLOOD • EYES • TISSUES • ORGANS • WHOLE BODY

A UNIQUE GIFT OF LIFE

AN ISO 9001 - 2000 CERT. TRUST

**SEWAKS' Charitable Trust (Regd.)**

**Regd. Office : SCO 1104-05, First Floor, Sector 22-B, Chandigarh-160 022 (INDIA)**

**Tel. : 0172-5012763, 93161-36268, 98722-84141 Fax : 0172-5012763**

**e-mail : sewaks@sewaks-helpneedy.com website : www.sewaks-helpneedy.com**

BRANCH OFFICE : 2477, STREET 15, DASHMESH NAGAR, LUDHIANA (PUNJAB) PH: 2490820, 98156-18154

- Medical Sewa Centre : Village Jhanjeri, P.O. Landran, Tehsil Kharar, Distt. S.A.S. Nagar (PUNJAB)
- Medical Sewa Centre : Lal Kothi, Village Behlon, Morni Hills, Distt. Panchkula (HARYANA)
- Baba Ram Singh Ji Chugh MEDICAL SEWA HOSPITAL, Vill. Gatauli, Teh. & Distt. Solan (H.P.)

**IN THE SERVICE OF HUMANITY SINCE 1994**

## UNITING ONE'S OWN SELF WITH GOD

K.J.S. Ahluwalia

The Proof of man's relationship with God lies in man's relationship with man. If a man cheats his fellow men, remain unfaithful to his family members, and does acts that are unbecoming of a relative or a friend, it would be difficult for him to unite himself with God.

A man may sit in his place of worship for hours with perfect devotion. However, when he leaves his place of worship, if he commits the slightest offence against his fellow human beings, his devotions will be an exercise in futility.

It would be worthwhile to narrate the interesting story of a man who was told that God would pay a visit to his house. In preparation for this great visit, the man set about rearranging his house, befitting the visitor's status. But as he started preparing for the visit, many people came to his door --- a sick old woman, a blind boy, a poor man looking for work, a beggar and an injured animal. The busy man drove away all of them with curses because they interfered with his preparations.

The day passed by the finally the house was spick and span. The table was laden with delicious food. Aromaa from the incense sticks filled each room. The man sat down to await his guest, but darkness came and God did not knock at the door. As night lightened into morning, the man fell on his face. Tears rolled down his cheeks and soaked the beautiful carpet that he had arranged or God's visit.

The man begged God to tell him why he didn't paythe promised visit. God said, " But I came to your door in a so many different forms. And each time you turned me away with curses. Why should I come to you now in all my splendour?"

God's grace is not like a sponge that soaks up water and gives nothing in return. God wants us to share our spiritual experiences with each other. We should allow them to reflect in our association with those who come in contact with our day-to day life. Let us strive to make our spirutual attainments reflect in our relationship with those human satellites which come within or touch our orbit.

*National Clinical Laboratory,*
*Lawrence Road, Amritsar- 143 001*

**ਲੇਖਕਾਂ ਲਈ ਜ਼ਰੂਰੀ ਬੇਨਤੀ**

ਹੁਣ ਤੁਸੀਂ ਅੰਮ੍ਰਿਤ ਕੀਰਤਨ E-mail ਰਾਹੀਂ ਪ੍ਰਾਪਤ ਕਰ ਸਕਦੇ ਹੋ। ਆਪਣਾ E-mail ਐਡਰੈਸ drjagirsingh@gmail.com 'ਤੇ ਭੇਜੋ ਜੀ।

# Music In HIs Genes

S.D. Sharma

So Many times residents of Bhorchhi Rajputan, a sleepy village near Amritsar, were taken by surprise when they heard Gagandeep humming folk tunes before he actually learnt to speak. The gift of melodic strains in his voice then seemed to be an inheritance from his father Baldev Singh, a prominent folk singer and his gurbani-devout mother Balwinder Kaur. In fact, even today he claims, "This gift of music, its grammar came from my parents and the musical environment in the family shaped my aesthetic sensibilities." He was the obvious choice to represent his school in the zonal and state level music competitions and he lived up to the expectations of his parents and teachers by securing top position in districts youth copmetition and the PSEB state level music contest in 2001.

After learing the rudiments of music from his father, Gagan also learnt classical and gurmat sangeet from Sukhpal Singh for seven years. This enabled him to win the second slot in Punjab University Youth Festivals consecutively for three years from 2003 onwards. He also learnt music from Harbinder Singh and Sushil Jain. He performed on many music festivals, besides All-India Radio and Doordarshan. "However, the blessed tutelage of my revered mentor and guru Pandit Yashpal, maestro of Agra Gharana, had made all the defference. I owe my incredible performance at the Harvallabh Sangeet Sammelan in 2006 and 2007 to my guru, who has inculcated the requisite potential for professional excellence in me. Even the credit for winning the national senior scholarship from the Ministry of Culture (Government of India), goes to him only, claims Gagan.

"Music is an unending quest, the eternal phigrimage for man," maintains Gagandeep for whom practicing and propagating classical and the spiritual guramt sangeet is the only mission. Wise beyond his years, Gagandeep at 23, is heading the SASGSA Music Academy at SAS Nagar, which is engaged in providing free training ot over 180 music aspirants in instrumental and vocal music.

*Courtesy 'The Tribune'*


**THE SIKH REVIEW**

**(A Monthly Magazine)**

**116, Karnani Mansion**
**25-A, Park Street, Kolkata**

# ਸੁਰ ਲਿਪੀ

## ਹਰਦੀਪ ਕੌਰ

***ਰਾਗੁ ਬਸੰਤ***

ਰਾਗ ਬਸੰਤ ਗੁਰੂ ਗ੍ਰੰਥ ਸਾਹਿਬ ਜੀ ਦਾ 25ਵਾਂ ਰਾਗ ਹੈ। ਪੂਰਬੀ ਥਾਟ ਦਾ ਇਹ ਇਕ ਪੁਰਾਤਨ, ਪ੍ਰਸਿਧ ਅਤੇ ਰਿਤੂ ਕਾਲੀਨ ਰਾਗ ਹੈ। ਇਸ ਰਾਗ ਵਿਚ ਰਿਸ਼ਭ, ਧੈਵਤ ਕੋਮਲ, ਦੋ ਮਧਿਅਮ, ਬਾਕੀ ਸ਼ੁੱਧ ਸੁਰ ਲਗਦੇ ਹਨ। ਆਰੋਹ ਵਿਚ ਰਿਸ਼ਭ, ਪੰਚਮ ਵਰਜਿਤ ਹਨ। ਅਵਰੋਹ ਵਿਚ ਸੱਤ ਸੁਰ ਵਕਰ ਢੰਗ ਨਾਲ ਲਗਦੇ ਹਨ। ਇਸ ਲਈ ਜਾਤੀ ਦਾ ਔਡਵ-ਵਰਕ-ਸੰਪੂਰਨ ਰਾਗ ਹੈ। ਇਸ ਦਾ ਵਾਦੀ ਸੁਰ ਤਾਰ ਸ਼ੜਜ ਅਤੇ ਸੰਵਾਦੀ ਪੰਚਮ ਹੈ। ਗਾਉਣ ਦਾ ਸਮਾਂ ਬਸੰਤ ਰੁੱਤ ਵਿਚ ਹਰ ਵਕਤ ਅਤੇ ਬਾਕੀ ਰੁੱਤਾਂ ਵਿਚ ਰਾਤ ਦਾ ਅੰਤਿਮ ਪਹਿਰ ਹੈ। ਇਹ ਇਕ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ।

ਥਾਟ – ਪੂਰਵੀ ( 'ਰੁ', 'ਧੁ' ਕੋਮਲ, ਦੋਨੋਂ 'ਮ')

ਜਾਤੀ – ਔਡਵ-ਵਕਰ-ਸੰਪੂਰਣ (ਆਰੋਹ ਵਿਚ 'ਰ' 'ਪ' ਵਰਜਿਤ

ਸਮਾਂ – ਰਾਤ ਦਾ ਅੰਤਿਮ ਪਹਿਰ

ਵਾਦੀ – ਸਂ

ਸੰਵਾਦੀ – ਪ

ਆਰੋਹ – ਸ ਗ, ਮ̍ ਧੁ ਰੁਂ ਸਂ

ਅਵਰੋਹ – ਸਂ ਰੁਂ ਨ ਧੁ ਪ, ਮਗ ਮਗ, ਰੁਸ

ਮੁੱਖ ਅੰਗ – ਮ̍ ਧੁ ਰੁਂ ਸਂ ਰੁਂ ਨ ਧੁ ਪ, ਮ̍ਗ ਮ̍ਗ ਰੁਸ।

***ਰੂਪਕ ਤਾਲ***

| × | | | ੨ | | ੩ | | × | | | ੨ | | ੩ | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਸਥਾਈ | | | | | | | | | | | | | |
| ਮ̍ਧੁ | ਨਧੁ | ਪ | ਮ̍ | ਗ | ਮ̍ | ਧੁ | ਨ | ਸਂ | ਸਂ | ਸਂ | ਰੁਂ | ਰੁਂ | ਸਂ |
| ਤੁऽ | ਮੁऽ | ऽ | ਸਾ | ਚੁ | ਧਿਆ | ਵਹੁ | ਮੁ | ਗ | ਧ | ਮ | ਨਾ | ऽ | ऽ |
| M̍D̲ | ND̲ | P | M̍ | G | M̍ | D̲ | N | Ṡ | Ṡ | Ṡ | Ṙ̲ | Ṙ̲ | Ṡ |
| ***TU-*** | ***M -*** | ***-*** | ***SAA*** | ***CH*** | ***DHIAA*** | ***VAHU*** | ***M U*** | ***GA*** | ***DH*** | ***M A*** | ***NAA*** | ***-*** | ***-*** |
| ਨ | ਨ | ਰੁਂ | ਨ | ਧੁ | ਪ | ਪ | ਮ̍ | ਗ | ਮ̍ | ਗ | ਰੁ | ਰੁ | ਸ |
| ਤਾਂ | ਸੁ | ਖੁ | ਪਾ | ऽ | ਵ | ਹੁ | ਮੇ | ऽ | ਰੇ | ਮ | ਨਾ | ऽ | ऽ |
| N | N | Ṙ̲ | N | D̲ | P | P | M̍ | G | M̍ | G | R̲ | R̲ | S |
| ***TAA*** | ***SU*** | ***KH*** | ***PAA*** | ***-*** | ***V*** | ***HU*** | ***MAY*** | ***-*** | ***RAY*** | ***M A*** | ***NAA*** | ***-*** | ***-*** |
| ਸ | ਮ | ਗ | ਮ̍ | ਧੁ | ਨ | ਸਂ | ਰੁਂ | ਨਧੁ | ਪ | ਮ̍ | ਗ | ਰੁ | ਸ |
| ਤਾਂ | ਸੁ | ਖੁ | ਪਾ | ऽ | ਵ | ਹੁ | ਮੇ | ਰੇऽ | ਮ | ਨਾ | ऽ | ऽ | ऽ |
| S | M | G | M̍ | D̲ | N | Ṡ | Ṙ̲ | ND̲ | P | M̍ | G | R̲ | S |
| ***TAA*** | ***SU*** | ***KH*** | ***PAA*** | ***-*** | ***V*** | ***HU*** | ***MAY*** | ***RAY–*** | ***M A*** | ***NAA*** | ***-*** | ***-*** | ***–*** |
| ਅੰਤਰਾ | | | | | | | | | | | | | |
| ਮ̍ | ਗ | ਗ | ਮ̍ | ਧੁ | ਮ̍ | ਧੁ | ਨ | ਸਂ | ਸਂ | ਰੁਂ | ਰੁਂ | ਸਂ | ਸਂ |
| ਬਨਸ | ਪ | ਤਿ | ਮ | ਉ | ਲੀ | ऽ | ਚੜਿ | ਆ | ਬ | ਸੰ | ऽ | ਤੁ | ऽ |
| M̍ | G | G | M̍ | D̲ | M̍ | D̲ | N | Ṡ | Ṡ | Ṙ̲ | Ṙ̲ | Ṡ | Ṡ |
| ***BANAS*** | ***PA*** | ***T*** | ***M A*** | ***U*** | ***–*** | ***LEE*** | ***CHARHI*** | ***AA*** | ***BA*** | ***SAN*** | ***-*** | ***T*** | ***–*** |

| | | | | | | | | | | | | | |
|---|---|---|---|---|---|---|---|---|---|---|---|---|---|
| ਰੁੰ | ਸੰ | ਸੰ | ਨ | ਧੁ | ਪ | ਪ | ਮੇ' | ਗ | ਮੇ' | ਗ | ਰੁ | ਰੁ | ਸ |
| ਇਹੁ | ਮ | ਨੁ | ਮ | ਉ | ਲਿ | ਆ | ਸ | ਤਿ | ਗੁ | ਰੂ | ਸੰ | ऽ | ਗਿ |
| Ṙ̲ | Ṡ | Ṡ | N | D̲ | P | P | Mˈ | G | Mˈ | G | R̲ | R̲ | S |
| ***IH*** | ***MA*** | ***N*** | ***MA*** | ***O*** | ***LI*** | ***AA*** | ***SA*** | ***T*** | ***GU*** | ***ROO*** | ***SAN*** | ***-*** | ***G*** |
| ਸ | ਮ | ਗ | ਮੇ' | ਧੁ | ਨ | ਸੰ | ਰੁੰ | ਨਧੁ | ਪ | ਮੇ' | ਗ | ਰੁ | ਸ |
| ਇਹੁ | ਮ | ਨੁ | ਮ | ਉ | ਲਿ | ਆ | ਸਤਿ | ਗੁऽ | ਰੂ | ਸੰ | ऽ | ਗਿ | ऽ |
| S | M | G | Mˈ | D̲ | N | Ṡ | Ṙ̲ | ND̲ | P | Mˈ | G | R̲ | S |
| ***IH*** | ***MA*** | ***N*** | ***MA*** | ***O*** | ***LI*** | ***AA*** | ***SAT*** | ***GU-*** | ***ROO*** | ***SAN*** | ***-*** | ***G*** | ***-*** |

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ


**ਬਸੰਤੁ ਮਹਲਾ ੩॥**

| | | |
|---|---|---|
| **ਬਨਸਪਤਿ ਮਉਲੀ ਚੜਿਆ ਬਸੰਤੁ॥ ਇਹੁ ਮਨੁ ਮਉਲਿਆ ਸਤਿਗੁਰੂ ਸੰਗਿ॥੧॥** | The season of spiring has come, and all the plants have blossomed forth. This mind blossoms forth, in association with the True Guru.\|\|1\|\| | ਹੇ ਭਾਈ! (ਜਿਵੇਂ ਜਦੋਂ) ਬਸੰਤ ਚੜ੍ਹਦਾ ਹੈ ਤਾਂ ਸਾਰੀ ਬਨਸਪਤੀ ਹਰੀ ਭਰੀ ਹੋ ਜਾਂਦੀ ਹੈ, (ਤਿਵੇਂ) ਗੁਰੂ ਦੀ ਸੰਗਤ ਵਿਚ ਰਹਿ ਕੇ ਇਹ ਮਨ (ਆਤਮਕ ਜੀਵਨ ਨਾਲ) ਹਰਾ ਭਰਾ ਹੋ ਜਾਂਦਾ ਹੈ।੧। |
| **ਤੁਮ੍ ਸਾਚੁ ਧਿਆਵਹੁ ਮੁਗਧ ਮਨਾ॥ ਤਾਂ ਸੁਖੁ ਪਾਵਹੁ ਮੇਰੇ ਮਨਾ॥੧॥ ਰਹਾਉ॥** | So meditate on the True Lord, O my foolish mind. Only then shall you find peace, O my mind. \|\|1\|\| Pause\|\| | ਹੇ (ਮੇਰੇ) ਮੂਰਖ ਮਨ! ਤੂੰ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੂੰ ਸਿਮਰਿਆ ਕਰ। ਤਦੋਂ ਹੀ, ਹੇ ਮੇਰੇ ਮਨ! ਤੂੰ ਆਨੰਦ ਮਾਣ ਸਕੇਂਗਾ।੧। ਰਹਾਉ। |
| **ਇਤੁ ਮਨਿ ਮਉਲਿਐ ਭਇਆ ਅਨੰਦੁ॥ ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ॥੨॥** | This mind blossoms forth, and I am in ecstasy. I am blessed with the Ambrosial Fruit of the Naam, the Name of the Lord of the Universe.\|\|2\|\| | ਹੇ ਭਾਈ! (ਜਿਸ ਮਨੁੱਖ ਨੇ ਗੁਰੂ ਦੀ ਸਗੰਤਿ ਵਿਚ) ਗੋਬਿੰਦ ਦਾ ਨਾਮ ਹਾਸਲ ਕਰ ਲਿਆ, ਆਤਮਕ ਜੀਵਨ ਦੇਣ ਵਾਲਾ ਨਾਮ ਫ਼ਲ ਪ੍ਰਾਪਤ ਕਰ ਲਿਆ, ਉਸ ਦਾ ਇਹ ਮਨ ਖਿੜ ਪੈਣ ਨਾਲ ਉਸ ਦੇ ਅੰਦਰ ਆਤਮਕ ਆਨੰਦ ਪੈਦਾ ਹੋ ਗਿਆ ਹੈ।੨। |
| **ਏਕੋ ਏਕੁ ਸਭੁ ਆਖਿ ਵਖਾਣੈ॥ ਹੁਕਮੁ ਬੂਝੈ ਤਾਂ ਏਕੋ ਜਾਣੈ॥੩॥** | Everyone speaks and says that the Lord is the One and Only. By understanding the Hukam of His Command, we come to know the One Lord. \|\|3\|\| | ਹੇ ਭਾਈ! ਉਂਞ ਤਾਂ ਹਰੇਕ ਮਨੁੱਖ ਆਖ ਕੇ ਦੱਸਦਾ ਹੈ ਕਿ (ਸਭ ਥਾਈਂ) ਪਰਮਾਤਮਾ ਆਪ ਹੀ ਆਪ ਹੈ, ਪਰ ਜਦੋਂ ਮਨੁੱਖ ਪਰਮਾਤਮਾ ਦੀ ਰਜ਼ਾ ਨੂੰ ਸਮਝਦਾ ਹੈ, ਤਦੋਂ ਹੀ ਉਸ ਨਾਲ ਡੂੰਘੀ ਸਾਂਝ ਪਾਂਦਾ ਹੈ।੩। |
| **ਕਹਤ ਨਾਨਕੁ ਹਉਮੈ ਕਹੈ ਨ ਕੋਇ॥ ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ॥੪॥੨॥੧੪॥** (ਪੰਨਾ ੧੧੭੬) | Says Nanak, no one can describe the Lord by speaking through ego. All speech and insight comes from our Lord and Master.\|\|4\|\|2\|\|4\|\| | ਹੇ ਭਾਈ! ਨਾਨਕ ਆਖਦਾ ਹੈ (ਜਦੋਂ ਮਨੁੱਖ ਪਰਮਾਤਮਾ ਦੀ ਰਜ਼ਾ ਨੂੰ ਸਮਝ ਲੈਂਦਾ ਹੈ ਤਦੋਂ) ਮਨੁੱਖ 'ਮੈਂ, ਮੈਂ' ਨਹੀਂ ਕਰਦਾ (ਤਦੋਂ ਉਸ ਨੂੰ ਇਹ ਸਮਝ ਪੈ ਜਾਂਦੀ ਹੈ ਕਿ ) ਜੀਵ ਉਹੀ ਕੁਝ ਆਖਦਾ ਵੇਖਦਾ ਹੈ ਜੋ ਮਾਲਕ ਵੱਲੋਂ ਪ੍ਰੇਰਨਾ ਹੁੰਦੀ ਹੈ।੪।੧੪। |

# ਸੰਗੀਤ ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ_ਧ ਸੁਰ ਹੁੰਦੇ ਹਨ। |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ_ਧ ਮਧਿਅਮ ਵੀ ਕਹਿੰਦੇ ਹਨ ।ਹਰਮੋਨੀਅਮ ਦੇ ਸੁਰ ਨੰ: 2,4,9,11 ਕੋਮਲ ਸੁਰ ਹਨ। |
| ਮੰ | ਇਹ ਤੀਬਰ ਮਧਿਅਮ ਹੈ।ਸੁਰ ਨੰ: 7 ਤੀਬਰ ਮਧਿਅਮ ਹੈ। |
| ਪ̣/ਧ̣ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ। |
| ਸੰ/ਪੰ | ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ। |
| ਪ - | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ। |
| ਂ ऽ | ਜਿਸ ਅੱਖਰ ਅੱਗੇ ਜਿੰਨੇ ऽ ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ। |
| ਧੰਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ। |
| ਮ $^{ਪ}$ | ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ। |

**X O 1 2 3 X ਸਮ, 0 ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।**



Postal Regd. No. PB (0045)2006 RNI Regd. No. 46788/89 ISSN 0972-2335

